Hansti Duniya (Punjabi)
Vol. 47 ✶No. 07 ✶July 2023

₹15/-

# ਹੱਸਦੀ ਦੁਨੀਆ



# ਹੰਸਤੀ ਦੁਨੀਆ

✶ VOL - 47

ਅੰਕ - 07 ✶ ਜੁਲਾਈ 2023 ✶ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009

Editor (Honorary)
Sulekh Singh 'Sathi'



E-mail : hduniya.punjabi@nirankari.org
editorial@nirankari.org
Ph. : 011-47660200
Fax : 011-27608215
Website : www.nirankari.org
kids.nirankari.org


## Subscription Details


| ਦੇਸ਼ | 1 ਸਾਲ | 3 ਸਾਲ | 5 ਸਾਲ | 11 ਸਾਲ |
|---|---|---|---|---|
| ਭਾਰਤ/ਨੇਪਾਲ | ₹ 150 | ₹ 400 | ₹ 700 | ₹ 1500 |
| ਯੂ.ਕੇ. | £ 15 | £ 40 | £ 70 | £ 150 |
| ਯੂਰਪ | € 20 | € 55 | € 95 | € 200 |
| ਅਮਰੀਕਾ | $ 25 | $ 70 | $ 120 | $ 250 |
| ਕਨਾਡਾ/ਆਸਟ੍ਰੇਲੀਆ | $ 30 | $ 85 | $ 140 | $ 300 |

ਹੋਰ ਦੇਸ਼ : ਉਪ੍ਰੋਕਤ ਅਨੁਸਾਰ ਅਮਰੀਕੀ ਡਾਲਰ ਦੇ ਬਰਾਬਰ ਰਾਸ਼ੀ


04




18





21




22




46




## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 12
ਹਾਸਾ-ਖੇਡਾ 18
ਸਾਧਾਰਣ ਗਿਆਨ ਪ੍ਰਸ਼ਨੋਤਰੀ 21
ਕੀ ਤੁਸੀਂ ਜਾਣਦੇ ਹੋ? 29
ਰੰਗ ਭਰੋ ਪ੍ਰਤੀਯੋਗਿਤਾ 39
ਕਦੇ ਨਾ ਭੁੱਲੋ 44
ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 22
ਚਿਤੱਰਕਥਾ 46




# ਕਹਾਣੀਆਂ


06. ਜ਼ਿੰਮੇਵਾਰੀ ਕਿਸ ਦੀ?
– ਦਰਸ਼ਨ ਸਿੰਘ 'ਆਸ਼ਟ''

10. ਪਛਤਾਵਾ
– ਅਮਰਜੀਤ ਸਿੰਘ 'ਅਮਰ'

13. ਇੱਕ ਬੂੰਦ ਦੀ ਕੀਮਤ
– ਰਾਜਕੁਮਾਰ 'ਰਾਜਨ'

20. ਮਾਂ ਦੀ ਆਗਿਆ ...
– ਪ੍ਰਭਜੋਤ ਕੌਰ

27. ਤਿੰਨ ਗੱਲਾਂ
– ਰਾਜਿੰਦਰ ਪਰਦੇਸੀ

33. ਮਹਾਰਾਣਾ ਦਾ ਪ੍ਰਣ
– ਕਮਲ ਜੈਨ


# ਗੀਤ-ਕਵਿਤਾਵਾਂ


05. ਮੀਂਹ
– ਬਲਜਿੰਦਰ ਮਾਨ

26. ਸਾਫ਼ ਪਾਣੀ, ਸਾਫ਼ ਮਨ
– ਅੰਮ੍ਰਿਤ ਹਰਮਨ

30. ਪਿਆਰੇ ਬੱਚੇ
– ਹਰਜੀਤ ਨਿਰੰਕਾਰੀ

35. ਬੱਚੇ! ਮੇਰੀ ਗੱਲ
– ਮਦਨ ਸ਼ੇਖੂਪੁਰੀ

37. ਅੱਗੇ ਵੱਧਣਾ ਸਿੱਖੋ
– ਡਾ. ਰਾਮਦੁਲਾਰ ਸਿੰਘ

38. ਮਾਤਾ-ਪਿਤਾ
– ਨੀਲਮ ਭਾਟੀਆ


# ਵਿਸ਼ੇਸ਼ ਲੇਖ


08. ਬੁਲਬੁਲ ਦਾ ਰੰਗੀਨ ...
– ਦੀਪਾਸ਼ੂੰ ਜੈਨ

17. ਮਾਂ ... ਮਾਨਵੀ ਜੀਵਨ
– ਸ਼ੋਭਾ ਸ਼ਰਮਾ

17. ਉਡਣ ਵਾਲੀਆਂ ...
– ਵਿਭਾ ਵਰਮਾ

31. ਸਟੈਥੋਸਕੋਪ ਦਾ ਜਨਮ
– ਪ੍ਰਿਤਪਾਲ ਸਾਦਿਕ

34. ਡੈਸੀਮੀਟਰ
– ਰਾਧੇਲਾਲ

36. ਫਲੋਰੇਂਸ ਨਾਈਟਿੰਗੇਲ
– ਪ੍ਰਿਥਵੀਰਾਜ

41. ਸਾਂਭਰ
– ਡਾ. ਪਰਸ਼ੂਰਾਮ ਸ਼ੁਕਲ










ਸਭ ਤੋਂ ਪਹਿਲਾਂ



# ਸਮਰਥਾਵਾਂ ਦੀ ਸਾਂਝ

ਸਪਨਾ ਅਤੇ ਅਰਪਣਾ ਅੱਜ ਬਹੁਤ ਖੁਸ਼ ਸਨ। ਉਨ੍ਹਾਂ ਦੇ ਮੰਮੀ-ਪਾਪਾ ਨੇ ਗਰਮੀਆਂ ਵਿੱਚ ਮਸੂਰੀ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਆਪਣੀ ਕਲਾਸ ਦੇ ਦੂਜੇ ਬੱਚਿਆਂ ਨੂੰ ਉਹ ਇਹ ਖ਼ਬਰ ਸੁਣਾਉਣ ਲਈ ਬੇਚੈਨ ਸਨ। ਸਕੂਲ ਦਾ ਆਖਰੀ ਦਿਨ ਹੋਣ ਕਾਰਣ ਉਹ ਸਾਰਿਆਂ ਨੂੰ ਇਹ ਦੱਸਣਾ ਚਾਹੁੰਦੀਆਂ ਸਨ ਕਿ ਇਸ ਵਾਰ ਉਹ ਗਰਮੀਆਂ ਦੀਆਂ ਛੁੱਟੀਆਂ 'ਹਿਲ ਸਟੇਸ਼ਨ' ਮਸੂਰੀ ਵਿੱਚ ਬਿਤਾਉਣਗੀਆਂ। ਦੋਵੇਂ ਜਲਦੀ-ਜਲਦੀ ਤਿਆਰ ਹੋ ਕੇ ਕਲਾਸ ਵਿੱਚ ਪਹੁੰਚੀਆਂ। ਬਾਕੀ ਸਾਰੇ ਬੱਚੇ ਵੀ ਉਥੇ ਆਪਸ ਵਿੱਚ ਗੱਲਾਂ ਕਰਕੇ ਖੁਸ਼ ਹੋ ਰਹੇ ਸਨ ਕਿਉਂਕਿ ਲਗਪਗ ਸਾਰੇ ਬੱਚਿਆਂ ਦੇ ਮਾਪਿਆਂ ਨੇ ਗਰਮੀਆਂ ਦੀਆਂ ਛੁਟੀਆਂ ਵਿੱਚ ਕਿਤੇ ਨਾ ਕਿਤੇ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ। ਸਾਰੇ ਬੱਚੇ ਆਪਣੇ-ਆਪਣੇ ਪ੍ਰੋਗਰਾਮ ਬਾਰੇ ਇੱਕ-ਦੂਜੇ ਨੂੰ ਦਸ ਰਹੇ ਸਨ ਅਤੇ ਉਸ ਜਗ੍ਹਾ ਦੀਆਂ ਖਾਸੀਅਤਾਂ ਬਾਰੇ ਚਰਚਾ ਕਰ ਰਹੇ ਸਨ। ਬਸ ਸਿਰਫ਼ ਅਨਾਮਿਕਾ ਹੀ ਇੱਕ ਪਾਸੇ ਖਾਮੋਸ਼ ਬੈਠੀ ਸੀ। ਉਹ ਸਾਰਿਆਂ ਦੀਆਂ ਗੱਲਾਂ ਸੁਣ ਰਹੀ ਸੀ ਪਰ ਆਪ ਕੁਝ ਨਹੀਂ ਸੀ ਬੋਲ ਰਹੀ ਕਿਉਂਕਿ ਉਸਦਾ ਕੋਈ ਪ੍ਰੋਗਰਾਮ ਨਹੀਂ ਸੀ ਬਣਿਆ ਛੁੱਟੀਆਂ ਵਿੱਚ ਕਿਧਰੇ ਜਾਣ ਦਾ। ਉਹ ਉਦਾਸ ਮਨ ਨਾਲ ਇੱਕ ਪਾਸੇ ਚੁਪਚਾਪ ਬੈਠੀ ਸੀ। ਸਪਨਾ ਅਤੇ ਅਰਪਣਾ ਨੇ ਉਸਨੂੰ ਇਸ ਤਰ੍ਹਾਂ ਬੈਠਾ ਵੇਖਿਆ ਤਾਂ ਰਹਿ ਨਾ ਸਕੀਆਂ। ਦੋਵੇਂ ਭੈਣਾਂ ਉਸ ਕੋਲ ਪਹੁੰਚ ਕੇ ਕਹਿਣ ਲੱਗੀਆਂ- ਅਨਾਮਿਕਾ ਤੂੰ ਕਿਉਂ ਇਸ ਤਰ੍ਹਾਂ ਉਦਾਸ ਬੈਠੀ ਹੈ, ਤੂੰ ਛੁੱਟੀਆਂ ਵਿੱਚ ਕਿਥੇ ਜਾ ਰਹੀ ਹੈ? ਅਨਾਮਿਕਾ ਨੇ ਇਕਦਮ ਰੁਆਂਸੀ ਹੋ ਕੇ ਕਿਹਾ – ਮੈਂ ਕਿਧਰੇ ਨਹੀਂ ਜਾ ਰਹੀ ਕਿਉਂਕਿ ਤੁਸੀ ਜਾਣਦੀਆਂ ਹੀ ਹੋ ਕਿ ਮੇਰੇ ਮਾਤਾ-ਪਿਤਾ ਮਿਹਨਤ-ਮਜ਼ਦੂਰੀ ਕਰਕੇ ਮੁਸ਼ਕਿਲ ਨਾਲ ਘਰ ਦਾ ਗੁਜਾਰਾ ਚਲਾਉਂਦੇ ਹਨ। ਉਹ ਜਿਵੇਂ-ਤਿਵੇਂ ਮੇਰੀ ਪੜਾਈ ਲਈ ਪੈਸੇ ਦਾ ਇੰਤਜ਼ਾਮ ਤਾਂ ਕਰ ਲੈਂਦੇ ਹਨ ਪਰ ਇਸ ਤਰ੍ਹਾਂ ਛੁੱਟੀਆਂ ਵਿੱਚ ਸੈਰ-ਸੈਪਾਟੇ ਲਈ ਪੈਸੇ ਦਾ ਇੰਤਜ਼ਾਮ ਕਰ ਪਾਉਣਾ ਉਨ੍ਹਾਂ ਲਈ ਮੁਸ਼ਕਿਲ ਹੈ। ਅਨਾਮਿਕਾ ਦੀ ਗੱਲ ਸੁਣ ਕੇ ਸਪਨਾ ਅਤੇ ਅਰਪਣਾ ਇੱਕ ਦੂਜੇ ਵੱਲ ਵੇਖਣ ਲੱਗੀਆਂ। ਅੱਖਾਂ ਹੀ ਅੱਖਾਂ ਵਿੱਚ ਕੁਝ ਇਸ਼ਾਰਾ ਹੋਇਆ ਅਤੇ ਸਪਨਾ ਕਹਿਣ ਲੱਗੀ- ਬਸ ਐਨੀ ਕੁ ਗੱਲ! ਅਸੀਂ ਵੀ ਤੇਰੀਆਂ ਭੈਣਾਂ ਹੀ ਤਾਂ ਹਾਂ। ਤੂੰ ਵੀ ਸਾਡੇ ਨਾਲ ਮਸੂਰੀ ਚਲ ਸਕਦੀ ਹੈ। ਮੰਮੀ-ਪਾਪਾ ਵੱਡੀ ਗੱਡੀ ਲੈ ਕੇ ਜਾ ਰਹੇ ਹਨ ਉਸ ਵਿੱਚ ਤੇਰੇ ਲਈ ਵੀ ਜਗ੍ਹਾ ਬਣ ਸਕਦੀ ਹੈ। ਉਨ੍ਹਾਂ ਦੀ ਇਹ ਗੱਲ ਸੁਣ ਕੇ ਅਨਾਮਿਕਾ ਦੇ ਚਿਹਰੇ ਤੇ ਵੀ ਖੁਸ਼ੀ ਦੇ ਭਾਵ ਨਜ਼ਰ ਆਉਣ ਲੱਗੇ ਸਨ।

ਪਿਆਰੇ ਬੱਚਿਓ ! ਜੇ ਪ੍ਰਭੂ-ਪ੍ਰਮਾਤਮਾ ਨੇ ਸਾਨੂੰ ਕੁਝ ਸਮਰਥਾਵਾਂ ਬਖਸ਼ੀਆਂ ਹਨ ਤਾਂ ਅਸੀਂ ਉਨ੍ਹਾਂ ਦਾ ਇਸਤੇਮਾਲ ਇਸ ਤਰ੍ਹਾਂ ਦੂਜਿਆਂ ਦੇ ਕੰਮ ਆਉਣ ਵਿੱਚ ਕਰਕੇ ਉਨ੍ਹਾਂ ਲਈ ਵੀ ਖੁਸ਼ੀ ਦਾ ਕਾਰਣ ਬਣ ਸਕਦੇ ਹਾਂ ਜੋ ਕਿਸੇ ਕਾਰਣ ਉਨ੍ਹਾਂ ਸਮਰਥਾਵਾਂ ਤੋਂ ਵਾਂਝੇ ਹਨ।

✍ **ਸੁਲੇਖ 'ਸਾਥੀ'**
sulekh.sathi@nirankari.org

# ਮੀਂਹ

ਮੀਂਹ ਵਿੱਚ ਆਪਾਂ ਨਹਾਉਂਦੇ ਹਾਂ,
ਰਲ ਮਿਲ ਖੁਸ਼ੀ ਮਨਾਉਂਦੇ ਹਾਂ।
ਕਾਲੇ-ਕਾਲੇ ਬੱਦਲ ਛਾਏ,
ਸਮੁੰਦਰੋਂ ਪਾਣੀ ਲੈ ਕੇ ਆਏ।

ਘਟਾ ਕਾਲੀਆਂ ਛਾਈਆਂ ਨੇ,
ਬਗਲਿਆਂ ਉਡਾਰੀਆਂ ਲਾਈਆਂ ਨੇ।
ਬਾਗਾਂ ਦੇ ਵਿੱਚ ਜਾਵਾਂਗੇ,
ਅੰਬ ਚੂਪ ਕੇ ਆਵਾਂਗੇ।

ਵੇਖੋ ਮੋਰਾਂ ਨੇ ਪੈਲ ਪਾਈ,
ਪੰਛੀਆਂ ਨੇ ਵੀ ਖੁਸ਼ੀ ਮਨਾਈ।
ਖੇਤ-ਖਾਲ਼ ਸਭ ਭਰ ਗਏ ਨੇ,
ਬੇੜੇ ਸਾਡੇ ਤਰ ਗਏ ਨੇ।

ਮੀਂਹ ਨਾਲ ਧਰਤੀ ਨੱਚੇ ਗਾਵੇ,
ਹਰ ਚਿਹਰੇ ਤੇ ਰੌਣਕ ਆਵੇ।
ਫਸਲਾਂ ਤੇ ਹਰਿਆਲੀ ਛਾਈ,
ਹਰ ਪਾਸੇ ਖੁਸ਼ਹਾਲੀ ਆਈ।

ਬੂਟੇ ਹਰ ਥਾਂ ਲਾ ਲਈਏ,
ਬੱਦਲਾਂ ਨੂੰ ਭਰਮਾ ਲਈਏ।
ਮੀਂਹ ਲੈ ਕੇ ਇਹ ਆਇਆ ਹੈ,
ਸਾਉਣ ਮਹੀਨਾ ਭਾਇਆ ਹੈ।

ਖੀਰ ਤੇ ਪੂੜੇ ਖਾਵਾਂਗੇ,
ਸਭ ਨੱਚਾਂਗੇ ਗਾਵਾਂਗੇ।
'ਮਾਨ' ਪੱਲੇ ਬੰਨ੍ਹ ਲੈ ਬਾਤ,
ਪਾਣੀ ਬੜੀ ਕੀਮਤੀ ਦਾਤ।





ਕਹਾਣੀ : ਦਰਸ਼ਨ ਸਿੰਘ 'ਆਸ਼ਟ'

# ਜਿੰਮੇਵਾਰੀ ਕਿਸ ਦੀ?

ਬਬਲੂ ਬੇਹੱਦ ਲਾਡਲਾ ਸੀ। ਹੁਣ ਉਹ ਪੰਜ ਸਾਲ ਦਾ ਹੋ ਗਿਆ ਸੀ। ਸਕੂਲ ਤੋਂ ਉਸ ਨੂੰ ਡਰ ਲੱਗਦਾ ਸੀ। ਇੱਕ ਦਿਨ ਉਸ ਦੀ ਮੰਮੀ ਉਸ ਨੂੰ ਇੱਕ ਚੰਗੇ ਸਕੂਲ ਵਿੱਚ ਦਾਖਿਲ ਕਰਵਾਉਣ ਲਈ ਲੈ ਕੇ ਗਈ ਤਾਂ ਉਸ ਨੇ ਰੋ-ਰੋ ਕੇ ਆਸਮਾਨ ਸਿਰ ਤੇ ਚੁੱਕ ਲਿਆ। ਦੂਸਰੇ ਦਿਨ ਵੀ ਇੰਝ ਹੀ ਹੋਇਆ। ਫਿਰ ਤੀਸਰੇ ਅਤੇ ਚੌਥੇ ਦਿਨ ਮੰਮੀ ਉਸ ਨੂੰ ਕਦੇ ਚਾਕਲੇਟ, ਕਦੇ ਟਾਫੀਆਂ ਦੇ ਕੇ ਮਨਾਉਂਦੀ। ਬਬਲੂ ਸਕੂਲ ਜਾਣ ਤੋਂ ਪਹਿਲਾਂ ਹੀ ਚਾਕਲੇਟ ਅਤੇ ਟਾਫੀਆਂ ਚਟ ਕਰ ਜਾਂਦਾ। ਸਕੂਲ ਵਿੱਚ ਦਾਖਿਲ ਹੁੰਦੇ ਹੀ ਉਸ ਨੂੰ ਪਤਾ ਲੱਗ ਜਾਂਦਾ ਕਿ ਮੰਮੀ ਹੁਣ ਉਸ ਨੂੰ ਛੱਡ ਕੇ ਘਰ ਚਲੀ ਜਾਏਗੀ। ਜਮਾਤ ਦੇ ਬੱਚਿਆਂ ਵਿੱਚ ਸਭ ਤੋਂ ਜ਼ਿਆਦਾ ਚੀਕਣ ਵਾਲਾ ਬਬਲੂ ਹੀ ਸੀ।

ਬਬਲੂ ਥੋੜਾ ਵੱਡਾ ਹੋਇਆ ਤਾਂ ਉਸ ਨੇ ਪੈਦਲ ਸਕੂਲ ਜਾਣਾ ਬੰਦ ਕਰ ਦਿੱਤਾ। ਉਹ ਰਿਕਸ਼ੇ ਵਿੱਚ ਸਕੂਲ ਜਾਣ ਲੱਗਾ। ਗਵਾਂਢ ਤੋਂ ਹੀ ਉਸ ਦੇ ਦੋ ਹੋਰ ਦੋਸਤ ਵੀ ਰਿਕਸ਼ੇ ਵਿੱਚ ਨਾਲ ਜਾਂਦੇ ਸਨ।

ਬਬਲੂ ਦਾ ਜ਼ਿਆਦਾ ਧਿਆਨ ਸ਼ਰਾਰਤਾਂ ਵੱਲ ਹੀ ਲੱਗਾ ਰਹਿੰਦਾ। ਉਸ ਦੀਆਂ ਕਿਤਾਬਾਂ ਅਤੇ ਕਾਪੀਆਂ ਦੇ ਪੰਨੇ ਹਮੇਸ਼ਾਂ ਫਟੇ ਰਹਿੰਦੇ।

ਇੱਕ ਦਿਨ ਨਿਤਿਕਾ ਮੈਡਮ ਜਮਾਤ ਵਿੱਚ ਅਜੇ ਆਈ ਨਹੀਂ ਸੀ। ਜਮਾਤ ਵਿੱਚ ਹੱਲਾ-ਗੁੱਲਾ ਮੱਚਿਆ ਹੋਇਆ ਸੀ। ਬਬਲੂ ਆਪਣੀ ਇੱਕ ਕਾਪੀ ਦੇ ਪੰਨੇ ਪਾੜ-ਪਾੜ ਕੇ ਜਹਾਜ ਬਣਾ ਕੇ ਉਡਾਉਂਦਾ ਹੋਇਆ ਚਿੱਲਾ ਰਿਹਾ ਸੀ। ਉਸ ਦੇ ਕਾਗਜੀ ਜਹਾਜ਼ ਕਮਰੇ ਦੇ ਬਾਹਰ ਤਕ ਪਹੁੰਚ ਰਹੇ ਸਨ। ਬਬਲੂ ਨੇ ਇੱਕ ਹੋਰ ਜਹਾਜ਼ ਬਣਾ ਕੇ ਦਰਵਾਜੇ ਵੱਲ ਜ਼ੋਰ ਨਾਲ ਉਡਾਇਆ। ਠੀਕ ਉਸੇ ਸਮੇਂ ਨਿਤਿਕਾ ਮੈਡਮ ਕਮਰੇ ਵਿੱਚ ਦਾਖਿਲ ਹੋਈ। ਜਹਾਜ ਦੀ ਨੋਕ ਉਸ ਦੇ ਮੱਥੇ ਤੇ ਲੱਗੀ। ਨਿਤਿਕਾ ਮੈਡਮ ਇੱਕਦਮ ਘਬਰਾ ਗਈ। ਸ਼ੁਕਰ ਹੈ ਉਸ ਦੀਆਂ ਅੱਖਾਂ ਬੱਚ ਗਈਆਂ। ਗੁੱਸੇ ਵਿੱਚ ਮੈਡਮ ਦੇ ਮੱਥੇ ਤੇ ਤਿਊੜੀਆਂ ਪੈ ਗਈਆਂ।

ਨਿਤਿਕਾ ਮੈਡਮ ਨੇ ਪਤਾ ਲਗਾ ਲਿਆ ਕਿ ਜਹਾਜ ਬਬਲੂ ਦਾ ਹੀ ਸੀ। ਉਹਨਾਂ ਨੇ ਉਸ ਨੂੰ ਫੜ ਕੇ ਉਸੇ ਵੇਲੇ ਕਮਰੇ ਤੋਂ ਬਾਹਰ ਕੱਢ ਦਿੱਤਾ ਅਤੇ ਬੋਲੀ, ''ਬਾਹਰ ਖੜੇ ਰਹੋ। ਤੇਰੇ ਲਈ ਇਹੀ ਸਜਾ ਹੈ।''

ਬਬਲੂ ਡੁਸਕਣ ਲੱਗਾ। ਕੁੱਝ ਦੇਰ ਬਾਦ ਨਿਤਿਕਾ ਮੈਡਮ ਨੇ ਉਸ ਨੂੰ ਅੰਦਰ ਬੁਲਾ ਲਿਆ। ਉਸ ਤੋਂ ਵਾਅਦਾ ਲਿਆ ਕਿ ਉਹ ਕਮਰੇ ਵਿੱਚ ਕਦੇ ਅਜਿਹੀ ਹਰਕਤ ਨਹੀਂ ਕਰੇਗਾ ਲੇਕਿਨ ਬਬਲੂ ਦੀ ਸ਼ਰਾਰਤ ਜਿਉਂ ਦੀ ਤਿਉਂ ਹੀ ਰਹੀ।

ਵਾਰਸ਼ਿਕ ਪ੍ਰੀਖਿਆ ਦਾ ਨਤੀਜਾ ਨਿਕਲ ਚੁੱਕਾ ਸੀ। ਬਬਲੂ ਦੇ ਚੰਗੇ ਨੰਬਰ ਤਾਂ ਨਹੀਂ ਆ ਸਕੇ ਲੇਕਿਨ ਐਨਾ ਜ਼ਰੂਰ ਸੀ ਕਿ ਉਹ ਪਾਸ ਹੋ ਗਿਆ।

ਇੱਕ ਦਿਨ ਮੰਮੀ ਬਬਲੂ ਦੀਆਂ ਕਾਪੀਆਂ ਵਿੱਚ ਸਕੂਲ ਦਾ ਕੰਮ ਵੇਖਣ ਲੱਗੀ ਤਾਂ ਹੈਰਾਨ ਰਹਿ ਗਈ। ਉਸ ਦੀ ਕੋਈ ਵੀ ਕਾਪੀ ਅਜਿਹੀ ਨਹੀਂ ਸੀ ਜਿਸ ਦੇ ਪੰਨੇ ਪਾੜੇ ਹੋਏ ਨਾ ਹੋਣ। ਪਤਾ ਲੱਗਾ ਕਿ ਉਸ ਨੇ ਆਪਣੀਆਂ ਕਾਪੀਆਂ ਦੇ ਪੰਨੇ ਜਹਾਜ਼, ਕਿਸ਼ਤੀਆਂ ਅਤੇ ਗੇਂਦਾਂ ਬਣਾ ਕੇ ਨਸ਼ਟ ਕੀਤੇ ਹਨ। ਸਕੂਲ ਦੇ ਮੈਦਾਨ ਦੀ ਕੋਈ ਵੀ ਦਿਸ਼ਾ ਅਜਿਹੀ ਨਹੀਂ ਸੀ ਜਿਸ ਪਾਸੇ ਉਸ ਦਾ ਜਹਾਜ਼ ਨਾ ਉਡਿਆ ਹੋਵੇ। ਸਕੂਲ ਵਿੱਚ ਕਿਆਰੀਆਂ ਅਤੇ ਫੁੱਲਾਂ ਦੀਆਂ ਝਾੜੀਆਂ ਦੀਆਂ ਟਹਿਣੀਆਂ ਵਿੱਚ ਫਸੇ ਹੋਏ ਕਾਗਜ਼ ਦੇ ਟੁਕੜੇ ਇੱਕ ਥਾਂ ਤੇ ਜਮਾ ਹੋ ਜਾਂਦੇ। ਨਤੀਜੇ ਵਜੋਂ ਪਾਣੀ ਬਾਹਰ ਵਹਿਣ ਲੱਗਦਾ।

ਬਬਲੂ ਨੂੰ ਦਾਦਾ ਜੀ ਨਾਲ ਬਹੁਤ ਪਿਆਰ ਸੀ। ਇੱਕ ਦੋ ਦਿਨ ਬਾਦ ਉਹ ਦਾਦਾ ਜੀ ਦੇ ਨਾਲ ਸ਼ਾਮ ਨੂੰ ਪਾਰਕ ਵਿੱਚ ਘੁੰਮਣ ਜ਼ਰੂਰ ਜਾਂਦਾ।

ਦਾਦਾ ਜੀ ਬਹੁਤ ਸਫ਼ਾਈ ਪਸੰਦ ਸਨ।

ਇੱਕ ਦਿਨ ਬਬਲੂ ਦੇ ਦਾਦਾ ਜੀ ਉਸ ਨੂੰ ਪਾਰਕ ਵਿੱਚ ਲੈ ਗਏ। ਉਹਨਾਂ ਨੇ ਵੇਖਿਆ ਕਿ ਉਥੇ ਕੁੱਝ ਕਾਗਜ਼ ਦੇ ਟੁਕੜੇ ਖਿਲਰੇ ਪਏ ਸਨ।

ਲੇਕਿਨ ਇਹ ਕੀ? ਸੈਰ ਕਰਦੇ-ਕਰਦੇ ਦਾਦਾ ਜੀ ਕਾਗਜ ਦੇ ਟੁਕੜੇ ਚੁਕਣ ਲੱਗੇ।

ਦਾਦਾ ਜੀ ਇਹ ਕੀ ਕਰ ਰਹੇ ਹੋ? ਉਹ ਵੇਖੋ ਸਾਹਮਣੇ। ਮੇਰੇ ਦੋਸਤ ਬੰਟੀ ਦੇ ਪਾਪਾ ਆ ਰਹੇ ਹਨ। ਕੀ ਸੋਚਣਗੇ? ਤੁਸੀਂ ਕੋਈ ......?

ਇਹ ਸੁਣ ਕੇ ਦਾਦਾ ਜੀ ਹੱਸ ਪਏ। ਕਹਿਣ ਲੱਗੇ, ''ਬਬਲੂ, ਮੈਂ ਸਮਝ ਗਿਆ ਹਾਂ ਕਿ ਤੂੰ ਕੀ ਕਹਿਣਾ ਚਾਹੁੰਦਾ ਹੈ? ਇਹ ਪਾਰਕ ਸਾਡੇ ਸਾਰਿਆਂ ਲਈ ਹੀ ਬਣਾਇਆ ਗਿਆ ਹੈ। ਅਸੀਂ ਇਥੇ ਆ ਕੇ ਸੈਰ ਕਰਦੇ ਹਾਂ। ਤਾਜ਼ੀ ਅਤੇ ਖੁਲ੍ਹੀ ਹਵਾ ਲੈਂਦੇ ਹਾਂ। ਫੁੱਲਾਂ ਨੂੰ ਵੇਖ ਕੇ ਸਾਡਾ ਮਨ ਖੁਸ਼ ਹੁੰਦਾ ਹੈ। ਜਿਸ ਕਿਸੇ ਨੇ ਵੀ ਖਾ-ਪੀ ਕੇ ਕਾਗਜ ਦੇ ਲਿਫਾਫੇ ਇਥੇ ਸੁੱਟੇ ਹਨ, ਮੈਂ ਉਸ ਨੂੰ ਮੂਰਖ ਕਹਾਂਗਾ। ਬੇਟਾ, ਮੈਂ ਖਿਲਰੇ ਕਾਗਜਾਂ ਨੂੰ ਚੁੱਕ ਕੇ ਕੂੜੇਦਾਨ ਵਿੱਚ ਸੁੱਟ ਕੇ ਛੋਟਾ ਨਹੀਂ ਹੋ ਜਾਵਾਂਗਾ। ਜੇਕਰ ਹਰ ਕੋਈ ਇਹੀ ਸੋਚ ਲਏ ਕਿ ਇਹ ਮੇਰਾ ਕੰਮ ਨਹੀਂ ਹੈ ਤਾਂ ਪਾਰਕ ਵਿੱਚ ਗੰਦਗੀ ਵੱਧਦੀ ਹੀ ਜਾਏਗੀ।''

ਐਨੇ ਵਿੱਚ ਬੰਟੀ ਦੇ ਪਾਪਾ ਬਬਲੂ ਦੇ ਦਾਦਾ ਜੀ ਦੇ ਕੋਲ ਆਏ। ਉਹਨਾਂ ਨੇ ਉਹਨਾਂ ਨੂੰ ਕਾਗਜ਼ ਦੇ ਖਿਲਰੇ ਟੁਕੜੇ ਉਠਾਉਂਦੇ ਵੇਖ ਲਿਆ ਸੀ।

''ਅੰਕਲ, ਲਿਆਉ ਮੈਨੂੰ ਫੜਾਉ ਇਹ ਕਾਗਜ ਦੇ ਟੁਕੜੇ। ਮੈਂ ਇਹਨਾਂ ਨੂੰ ਕੂੜੇਦਾਨ ਵਿੱਚ ਸੁੱਟ ਆਉਂਦਾ ਹਾਂ।''ਇਹ ਕਹਿ ਕੇ ਬੰਟੀ ਦੇ ਪਾਪਾ ਨੇ ਉਹਨਾਂ ਦੇ ਹੱਥੋਂ ਕਾਗਜ਼ ਦੇ ਟੁਕੜੇ ਫੜੇ ਅਤੇ ਕੂੜੇਦਾਨ ਵਿੱਚ ਸੁੱਟਣ ਲਈ ਚਲੇ ਗਏ।

ਘਰ ਵਾਪਸੀ ਦੇ ਸਮੇਂ ਬਬਲੂ ਇਸੇ ਘਟਨਾ ਦੇ ਬਾਰੇ ਵਿੱਚ ਸੋਚਦਾ ਰਿਹਾ।

ਅਗਲੇ ਦਿਨ ਬਬਲੂ ਸਕੂਲ ਗਿਆ। ਉਸ ਨੇ ਵੇਖਿਆ, ਫੁੱਲਾਂ ਦੀਆਂ ਕਿਆਰੀਆਂ ਵਿੱਚ ਕੁੱਝ ਕਾਗਜ਼ ਦੇ ਟੁਕੜੇ ਖਿਲਰੇ ਪਏ ਸਨ। ਇਹ ਉਹੀ ਕਾਗਜ ਸਨ ਜੋ ਕੱਲ ਬਬਲੂ ਨੇ ਆਪਣੇ ਮੰਨੋਰੰਜਨ ਕਰਨ ਲਈ ਜਹਾਜ ਵਗੈਰਾ ਬਣਾ ਕੇ ਸੁੱਟੇ ਸਨ। ਉਸ ਨੇ ਇੱਕ-ਇੱਕ ਕਰਕੇ ਉਹਨਾਂ ਟੁਕੜਿਆਂ ਨੂੰ ਉਠਾਇਆ ਅਤੇ ਕੂੜੇਦਾਨ ਵਿੱਚ ਸੁੱਟ ਆਇਆ।

''ਸ਼ਾਬਾਸ਼।'' ਅਚਾਨਕ ਹੀ ਬਬਲੂ ਦੇ ਕੰਨਾਂ ਵਿੱਚ ਇਹ ਬੋਲ ਸੁਣਾਈ ਦਿੱਤੇ। ਨਾਲ ਹੀ ਕਿਸੇ ਨੇ ਉਸ ਦੀ ਪਿੱਠ ਥਪਥਪਾਈ।

ਬਬਲੂ ਨੇ ਪਿੱਛੇ ਮੁੜ ਕੇ ਵੇਖਿਆ, ਨਿਤਿਕਾ ਮੈਡਮ ਸੀ। ਉਹਨਾਂ ਨੇ ਬਬਲੂ ਦੇ ਸਿਰ ਤੇ ਹੱਥ ਫੇਰਿਆ। ■





ਵਿਸ਼ੇਸ਼ ਲੇਖ : ਦੀਪਾਸ਼ੂੰ ਜੈਨ

# ਬੁਲਬੁਲ ਦਾ ਰੰਗੀਨ ਸੰਸਾਰ

ਗਾਉਣ ਅਤੇ ਮਿੱਠੇ ਤਰਾਨੇ ਛੱਡਣ ਵਾਲੇ ਪੰਛੀਆਂ ਵਿੱਚ ਬੁਲਬੁਲ ਦਾ ਸਥਾਨ ਸਭ ਤੋਂ ਉੱਚਾ ਹੈ। ਸੰਸਾਰ ਦੇ ਅਲਗ-ਅਲਗ ਹਿੱਸਿਆਂ ਵਿੱਚ ਜੋ ਬੁਲਬੁਲ ਮਿਲਦੀ ਹੈ, ਉਹਨਾਂ ਵਿਚੋਂ ਫਰਾਂਸ ਦੀ 'ਹਜਾਰ ਦਾਸਤਾਂ' ਬੁਲਬੁਲ ਸਭ ਤੋਂ ਜ਼ਿਆਦਾ ਮਸ਼ਹੂਰ ਹੈ। ਕਹਿੰਦੇ ਹਨ ਕਿ ਉਹ ਹਜ਼ਾਰ ਤਰ੍ਹਾਂ ਨਾਲ ਗਾਉਂਦੀ ਹੈ। ਪੂਰੀ ਰਾਤ ਉਸ ਦੇ ਛੋਟੇ ਜਿਹੇ ਗਲੇ ਵਿਚੋਂ ਅਨੇਕ ਤਰ੍ਹਾਂ ਦੇ ਮਿੱਠੇ ਸੁਰ ਨਿਕਲਦੇ ਰਹਿੰਦੇ ਹਨ, ਜਿਨ੍ਹਾਂ ਨੂੰ ਸੁਣ ਕੇ ਲੋਕ ਆਨੰਦਿਤ ਹੋ ਜਾਂਦੇ ਹਨ। ਇਸ ਲਿਹਾਜ ਨਾਲ ਦੂਸਰੀਆਂ ਬੁਲਬੁਲਾਂ ਨਾਮ-ਮਾਤਰ ਦੀਆਂ ਬੁਲਬੁਲਾਂ ਹੁੰਦੀਆਂ ਹਨ। ਉਹਨਾਂ ਦੇ ਸੁਰ ਵਿੱਚ ਐਨੀ ਮਿਠਾਸ ਅਤੇ ਅਜਿਹੀ ਮਸਤੀ ਕਦੇ ਨਹੀਂ ਹੁੰਦੀ। ਐਨਾ ਜ਼ਰੂਰ ਹੈ ਕਿ ਸ਼ਾਮ ਦੇ ਸਮੇਂ ਰੁੱਖਾਂ ਤੇ ਬੈਠੀਆਂ ਜਦ ਉਹ ਚਹਿਕਦੀਆਂ ਹਨ ਤਾਂ ਉਹਨਾਂ ਦਾ ਬੋਲ ਵੀ ਮਿੱਠਾ ਲੱਗਦਾ ਹੈ।

**ਚੁਲਬੁਲੀ ਅਤੇ ਚਹਿਕਣ ਵਾਲੀ ਚਿੜੀ :** ਵੇਖਣ ਵਿੱਚ ਬੁਲਬੁਲ ਚਿੜੀ ਵਰਗੀ ਪਰ ਆਕਾਰ ਵਿੱਚ ਉਸ ਤੋਂ ਕੁੱਝ ਵੱਡੀ ਹੁੰਦੀ ਹੈ। ਇਸ ਦੇ ਸਿਰ ਤੇ ਇੱਕ ਕਲਗੀ ਜਾਂ ਚੋਟੀ ਜਿਹੀ ਹੁੰਦੀ ਹੈ, ਜਿਸ ਕਾਰਣ ਇਹ ਵੇਖਣ ਵਿੱਚ ਚਿੜੀ ਤੋਂ ਜ਼ਿਆਦਾ ਸੁੰਦਰ ਅਤੇ ਮੋਹਕ ਲੱਗਦੀ ਹੈ। ਇਹ ਕਲਗੀ ਜਾਤੀ ਵਿਸ਼ੇਸ਼ ਛੋਟੀ-ਵੱਡੀ ਹੁੰਦੀ ਹੈ। ਦੇਰ ਤਕ ਇੱਕ ਜਗ੍ਹਾ ਚੁਪ ਬੈਠੇ ਰਹਿਣਾ ਇਸ ਨੂੰ ਸਭ ਤੋਂ ਵੱਧ ਅੱਖਰਦਾ ਹੈ। ਇਸ ਲਈ ਇਹ ਹਮੇਸ਼ਾਂ ਉਛਲ-ਕੁਦ ਕਰਦੀ ਚਹਿਚਹਾਉਂਦੀ ਹੀ ਮਿਲਦੀ ਹੈ।

ਸਾਡੇ ਦੇਸ਼ ਵਿੱਚ ਬੁਲਬੁਲ ਦੀਆਂ ਅਨੇਕ ਜਾਤੀਆਂ ਅਤੇ ਉਪਜਾਤੀਆਂ ਮਿਲਦੀਆਂ ਹਨ। ਲੇਕਿਨ ਇਹਨਾਂ ਸਾਰੀਆਂ ਵਿਚੋਂ ਗੁਲਦੁਮ ਅਤੇ ਸਿਪਾਹੀ ਬੁਲਬੁਲ ਹੀ ਪ੍ਰਸਿੱਧ ਹਨ।

**ਗੁਲਦੁਮ ਬੁਲਬੁਲ :** ਇਹ ਬੁਲਬੁਲ ਇਥੋਂ ਦੀ ਬਹੁਤ ਪ੍ਰਸਿੱਧ ਬੁਲਬੁਲ ਹੈ, ਜੋ ਲਗਭਗ ਹਰ ਜਗ੍ਹਾ ਮਿਲ ਜਾਂਦੀ ਹੈ। ਕੱਦ ਵਿੱਚ 9 ਇੰਚ ਲੰਮੀ ਇਸ ਬੁਲਬੁਲ ਦੀ ਪੂਛ ਦੇ ਹੇਠਾਂ ਦੇ ਪਰਾਂ ਦਾ ਰੰਗ ਸੁਰਖ ਹੁੰਦਾ ਹੈ, ਜਿਸ ਕਾਰਣ ਇਹ ਗੁਲਦੁਮ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਦੇ ਸਿਰ ਦਾ ਤੁਰਲਾ, ਗਲਾ ਅਤੇ ਪੂਛ ਗਹਿਰੀ ਕਾਲੀ ਅਤੇ ਸਰੀਰ ਦਾ ਬਾਕੀ ਹਿੱਸਾ ਭੂਰੇ ਰੰਗ ਦਾ ਹੁੰਦਾ ਹੈ। ਖੰਭ ਵੀ ਭੂਰੇ ਰੰਗ ਦੇ ਸਫੈਦ ਕਿਨਾਰੀਦਾਰ ਹੁੰਦੇ ਹਨ। ਪੂਛ ਦਾ ਸਿਰਾ ਸਫੈਦ ਅਤੇ ਹੇਠਾਂ ਦਾ ਹਿੱਸਾ ਗੂੜਾ ਲਾਲ ਹੁੰਦਾ ਹੈ। ਇਸ ਦੇ ਨਰ ਅਤੇ ਮਾਦਾ ਦੋਵੇਂ ਇਕੋ-ਜਿਹੇ ਹੁੰਦੇ ਹਨ। ਇਹ ਬਹੁਤ ਖਿਡਾਰੀ ਅਤੇ ਲੜਾਕੂ ਹੁੰਦੀ ਹੈ। ਇਸ ਦੀਆਂ ਮੁੱਖ ਉਪਜਾਤੀਆਂ ਸਿਆਹਾ ਅਤੇ ਪੰਜਾਬ ਦੀ ਬਰਰਹਾ ਬੁਲਬੁਲ ਪ੍ਰਸਿੱਧ ਹਨ।

**ਸਿਪਾਹੀ ਬੁਲਬੁਲ :** ਇਹ ਬੁਲਬੁਲ ਵੇਖਣ ਵਿੱਚ ਬਹੁਤ ਸੁੰਦਰ ਅਤੇ ਤਰਾਈ ਦੇ ਮੈਦਾਨਾਂ ਤੋਂ ਲੈ ਕੇ ਮੱਧ-ਪ੍ਰਦੇਸ਼ ਤਕ ਪਾਈ ਜਾਂਦੀ ਹੈ। ਇਸ ਦੀਆਂ ਦੋਵੇਂ ਗੱਲਾਂ ਤੇ ਸੁਰਖ ਵਾਲਾਂ ਦੀਆਂ ਮੁੱਛਾਂ ਹੁੰਦੀਆਂ ਹਨ, ਇਸੇ ਕਾਰਣ ਇਸ ਨੂੰ ਸਿਪਾਹੀ ਬੁਲਬੁਲ ਕਹਿੰਦੇ ਹਨ। ਇਸ ਦੀ ਪਿੱਠ ਅਤੇ ਖੰਭ ਮਟਮੈਲੇ ਭੂਰੇ, ਛਾਤੀ ਸਫੈਦ ਅਤੇ ਪੈਰ ਕਾਲੇ ਹੁੰਦੇ ਹਨ। ਪੂਛ ਗੂੜੇ ਭੂਰੇ ਰੰਗ ਦੀ ਹੁੰਦੀ ਹੈ ਅਤੇ ਉਸ ਦਾ ਹੇਠਲਾ ਹਿੱਸਾ ਗੁਲਦੁਮ ਬੁਲਬੁਲ ਦੀ ਤਰ੍ਹਾਂ ਗੂੜਾ ਲਾਲ ਹੁੰਦਾ ਹੈ।

ਇਸ ਦੇ ਇਲਾਵਾ ਵੀ ਹੋਰ ਕਈ ਤਰ੍ਹਾਂ ਦੀਆਂ ਬੁਲਬੁਲਾਂ ਮਿਲ ਜਾਂਦੀਆਂ ਹਨ। ਇੱਕ ਸਫੈਦ ਗੱਲਾਂ ਵਾਲੀ ਪਹਾੜੀ ਬੁਲਬੁਲ, ਜੋ ਪਹਾੜਾਂ ਤੇ 7000 ਫੁੱਟ ਦੀ ਉਚਾਈ ਤਕ ਮਿਲਦੀ ਹੈ। ਦੂਸਰੀ ਜਰਦ ਬੁਲਬੁਲ ਹੁੰਦੀ ਹੈ। ਇਹ ਪੀਲੇ ਰੰਗ ਦੀ ਚਿੜੀ ਹੈ ਅਤੇ ਜ਼ਿਆਦਾਤਰ ਜੰਗਲਾਂ ਵਿੱਚ ਮਿਲਦੀ ਹੈ। ਇਸ ਦੀ ਪੂਛ ਅਤੇ ਖੰਭ ਭੂਰੇ ਹੁੰਦੇ ਹਨ। ਗਰਦਨ ਦਾ ਰੰਗ ਸਿਆਹ ਰਹਿੰਦਾ ਹੈ।

**ਮਛਰੀਆ ਬੁਲਬੁਲ :** ਇਹ ਬੁਲਬੁਲ ਉਤਰ ਤੋਂ ਦੱਖਣ ਤਕ ਮਿਲ ਜਾਂਦੀ ਹੈ। ਅੱਖਾਂ ਦੇ ਉਪਰੀ ਹਿੱਸੇ ਵਿੱਚ ਮੱਛੀਆਂ ਵਰਗੀਆਂ ਪੱਟੀਆਂ ਦੇ ਕਾਰਣ ਇਹ ਮੱਛਰੀਆ ਬੁਲਬੁਲ ਕਹਾਉਂਦੀ ਹੈ। ਕੱਦ ਵਿੱਚ 8 ਇੰਚ ਲੰਮੀ ਇਸ ਚਿੜੀ ਦੇ ਸਰੀਰ ਦਾ ਉਪਰੀ ਹਿੱਸਾ ਹਰਾ-ਜਿਹਾ, ਸਿਰ ਸਲੇਟੀ ਅਤੇ ਖੰਭ ਭੂਰੇ ਹੁੰਦੇ ਹਨ। ਪੂਛ ਵੀ ਭੂਰੀ ਹੁੰਦੀ ਹੈ ਅਤੇ ਇਸ ਦਾ ਹੇਠਲਾ ਹਿੱਸਾ ਪੀਲਾ ਹੁੰਦਾ ਹੈ।

**ਸਦੀਵੀ ਪੰਛੀ :** ਖੁਲ੍ਹੇ ਮੈਦਾਨਾਂ ਦੀ ਬਜਾਏ ਬੁਲਬੁਲ ਨੂੰ ਬਾਗ ਜਾਂ ਝਾੜੀਆਂ ਵਿੱਚ ਰਹਿਣਾ ਪਸੰਦ ਹੈ। ਉਂਝ ਤਾਂ ਬੁਲਬੁਲ ਕੀੜੇ-ਮਕੌੜੇ, ਫਲ-ਫੁੱਲ ਆਦਿ ਸਭ ਕੁੱਝ ਖਾ ਲੈਂਦੀ ਹੈ, ਲੇਕਿਨ ਲਾਲ ਰੰਗ ਦੇ ਛੋਟੇ-ਛੋਟੇ ਫਲ ਖਾਣੇ ਇਸ ਨੂੰ ਬਹੁਤ ਪਸੰਦ ਹਨ। ਇਹ ਫਲ ਜੇਕਰ ਪੂਰੀ ਤਰ੍ਹਾਂ ਨਾਲ ਪੱਕੇ ਹੋਣ ਤਾਂ ਇਹ ਉਹਨਾਂ ਨੂੰ ਤੇਜ਼ੀ ਨਾਲ ਚਟ ਕਰ ਜਾਂਦੀ ਹੈ। ਕਦੇ-ਕਦੇ ਇਹ ਝੋਨੇ ਦੇ ਖੇਤ ਉਜਾੜ ਦਿੰਦੀ ਹੈ ਅਤੇ ਇਸ ਤਰ੍ਹਾਂ ਇਹ ਖੇਤੀ ਨੂੰ ਕਾਫੀ ਨੁਕਸਾਨ ਪਹੁੰਚਾਉਂਦੀ ਹੈ।

ਮਾਰਚ ਤੋਂ ਸਤੰਬਰ ਤਕ ਬੁਲਬੁਲ ਆਲ੍ਹਣਾ ਬਣਾਉਂਦੀ ਹੈ ਅਤੇ ਇੱਕ ਵਾਰ ਵਿੱਚ ਦੋ ਜਾਂ ਤਿੰਨ ਆਂਡੇ ਦਿੰਦੀ ਹੈ। ਆਂਡਿਆਂ ਦਾ ਰੰਗ ਹਲਕਾ ਗੁਲਾਬੀ ਹੁੰਦਾ ਹੈ ਅਤੇ ਉਸ ਤੇ ਬੈਂਗਨੀ ਰੰਗ ਦੀਆਂ ਚਿੱਤੀਆਂ ਪਈਆਂ ਰਹਿੰਦੀਆਂ ਹਨ। ਇਹ ਸਾਲ ਵਿੱਚ ਲਗਭਗ ਦੋ ਵਾਰ ਆਂਡੇ ਦਿੰਦੀ ਹੈ।

ਆਪਣਾ ਆਲ੍ਹਣਾ ਬਣਾਉਣ ਲਈ ਬੁਲਬੁਲ ਜ਼ਿਆਦਾਤਰ ਨੀਵੀਆਂ ਝਾੜੀਆਂ ਜਾਂ ਕਦੇ-ਕਦੇ ਮਕਾਨਾਂ ਦੇ ਬਰਾਂਡਿਆਂ ਵਿੱਚ ਵੀ ਘਾਹ-ਫੂਸ, ਪੱਤੀਆਂ ਅਤੇ ਮੱਕੜੀ ਦੇ ਜਾਲੇ ਕੰਮ ਵਿੱਚ ਲਿਆਉਂਦੀ ਹੈ। ਇਸ ਦਾ ਆਲ੍ਹਣਾ ਵੇਖਣ ਨੂੰ ਬਹੁਤ ਸੁੰਦਰ ਅਤੇ ਪਿਆਲੇ ਵਰਗਾ ਹੁੰਦਾ ਹੈ। ਇਸ ਨੂੰ ਨਰ ਅਤੇ ਮਾਦਾ ਦੋਵੇਂ ਮਿਲ ਕੇ ਬਣਾਉਂਦੇ ਹਨ। ਇਹ ਦੋ-ਤਿੰਨ ਦਿਨ ਵਿੱਚ ਬਣ ਕੇ ਤਿਆਰ ਹੋ ਜਾਂਦਾ ਹੈ। ਜ਼ਮੀਨ ਦੇ ਕੋਲ ਆਲ੍ਹਣਾ ਹੋਣ ਦੇ ਕਾਰਣ ਸੱਪ, ਨਿਉਲੇ ਆਦਿ ਅਕਸਰ ਇਸ ਦੇ ਆਂਡਿਆਂ ਨੂੰ ਚੱਟ ਕਰ ਜਾਂਦੇ ਹਨ। ■



ਪੁਰਾਤਨ ਕਥਾ : ਅਮਰਜੀਤ ਸਿੰਘ 'ਅਮਰ'

# ਪਛਤਾਵਾ

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ। ਭਾਰਤ ਵਿੱਚ ਉਸ ਸਮੇਂ ਮਹਾਰਾਜਾ ਸ਼ਰਿਆਤੀ ਸ਼ਾਸਨ ਕਰਦੇ ਸਨ। ਉਹ ਨਿਆਂਪ੍ਰਿਯਤਾ, ਪ੍ਰਜਾਸੇਵਾ ਅਤੇ ਪ੍ਰਸ਼ਾਸਨਿਕ ਸੇਵਾ ਲਈ ਬਹੁਤ ਪ੍ਰਸਿੱਧ ਸਨ। ਮਹਾਰਾਜਾ ਸ਼ਰਿਆਤੀ ਦੇ ਸਦਗੁਣਾਂ ਦਾ ਵਿਆਪਕ ਪ੍ਰਭਾਵ ਉਹਨਾਂ ਦੇ ਪੁੱਤਰਾਂ ਅਤੇ ਪੁੱਤਰੀਆਂ ਤੇ ਵੀ ਪਿਆ। ਉਹ ਆਪਣੇ ਹਰਮਨ ਪਿਆਰੇ ਪਿਤਾ ਦੇ ਕਦਮਾਂ ਤੇ ਚੱਲ ਕੇ ਯਸ਼ ਪ੍ਰਾਪਤ ਕਰ ਰਹੇ ਸਨ। ਮਹਾਰਾਜਾ ਸ਼ਰਿਆਤੀ ਆਪਣੇ ਪੁੱਤਰ-ਪੁੱਤਰੀਆਂ ਦੇ ਪ੍ਰਤੀ ਬਹੁਤ ਹੀ ਖੁਸ਼ੀ ਦਾ ਅਨੁਭਵ ਕਰਦੇ ਸਨ।

ਇੱਕ ਦਿਨ ਸਵੇਰ ਦਾ ਸਮਾਂ ਸੀ। ਮਹਾਰਾਜਾ ਸ਼ਰਿਆਤੀ ਆਪਣੇ ਪੁੱਤਰ-ਪੁੱਤਰੀਆਂ ਦੇ ਨਾਲ ਜੰਗਲ-ਘੁੰਮਣ ਲਈ ਨਿਕਲੇ। ਮਹਾਰਾਜਾ ਥੱਕੇ ਹੋਏ ਸਨ, ਅਖੀਰ ਆਪਣੀ ਪਤਨੀ ਦੇ ਨਾਲ ਇੱਕ ਸਰੋਵਰ ਦੇ ਕਿਨਾਰੇ ਬੈਠ ਗਏ। ਉਹਨਾਂ ਦੇ ਪੁੱਤਰ ਅਤੇ ਪੁੱਤਰੀਆਂ ਘੁੰਮਦੇ ਹੋਏ ਬਹੁਤ ਦੂਰ ਨਿਕਲ ਗਏ।

ਅਚਾਨਕ ਰਾਜਕੁਮਾਰੀ ਸੁਕੰਨਿਆ ਨੂੰ ਮਿੱਟੀ ਦੇ ਇੱਕ ਛੋਟੇ ਜਿਹੇ ਟਿਲੇ ਵਿੱਚ ਦੋ ਚਮਕਦਾਰ ਮਣੀਆਂ ਦਿਖਾਈ ਦਿੱਤੀਆਂ। ਸੁਕੰਨਿਆ ਉਸ ਮਣੀ ਨੂੰ ਵੇਖਣ ਲਈ ਨੇੜੇ ਗਈ। ਇਸ ਦੇ ਬਾਦ ਵੀ ਉਹ ਚਮਕਦੀ ਉਸ ਵਸਤੂ ਨੂੰ ਸਮਝ ਨਾ ਸਕੀ। ਤਦ ਉਸ ਨੇ ਇੱਕ ਸੁੱਕੀ ਲੱਕੜੀ ਦੀ ਸਹਾਇਤਾ ਨਾਲ ਚਮਕਦਾਰ ਮਣੀਆਂ ਨੂੰ ਕੱਢਣ ਦਾ ਯਤਨ ਕੀਤਾ। ਮਣੀ ਤਾਂ ਉਥੋਂ ਨਾ ਨਿਕਲੀ ਪ੍ਰੰਤੂ ਉਥੋਂ ਖ਼ੂਨ ਵਗਣ ਲੱਗਾ। ਸੁਕੰਨਿਆ ਅਤੇ ਉਸ ਦੇ ਭੈਣ-ਭਰਾ ਇਹ ਵੇਖ ਕੇ ਬਹੁਤ ਘਬਰਾ ਗਏ। ਉਹ ਦੌੜਦੇ ਹੋਏ ਆਪਣੇ ਮਾਤਾ-ਪਿਤਾ ਕੋਲ ਆਏ ਅਤੇ ਉਹਨਾਂ ਨੂੰ ਸਾਰੀ ਗੱਲ ਦੱਸੀ।

ਮਹਾਰਾਜਾ ਸ਼ਰਿਆਤੀ ਆਪਣੀ ਪਤਨੀ ਅਤੇ ਬੱਚਿਆਂ ਸਹਿਤ ਉਸ ਸਥਾਨ ਤੇ ਪਹੁੰਚੇ ਅਤੇ ਖ਼ੂਨ ਵੇਖਦੇ ਹੀ ਦੁੱਖੀ ਮਨ ਨਾਲ ਬੋਲੇ, ''ਬੇਟੀ! ਇਹ ਤਾਂ ਬਹੁਤ ਵੱਡਾ ਅਨਰਥ ਹੋ ਗਿਆ। ਇਹ ਚਯਵਨ ਰਿਸ਼ੀ ਹਨ ਜਿਹਨਾਂ ਦੀਆਂ ਤੂੰ ਅੱਖਾਂ ਫੋੜ ਦਿੱਤੀਆਂ।''

ਪਿਤਾ ਦੀ ਗੱਲ ਸੁਣਦੇ ਹੀ ਸੁਕੰਨਿਆ ਰੋ ਪਈ। ਉਸ ਦਾ ਸਰੀਰ ਕੰਬਣ ਲੱਗਾ। ਟੁੱਟਦੇ ਹੋਏ ਸੁਰ ਵਿੱਚ ਉਸ ਨੇ ਕਿਹਾ, ''ਪਿਤਾ ਜੀ ਮੈਨੂੰ ਜਾਣਕਾਰੀ ਨਹੀਂ ਸੀ ਕਿ ਇਹ ਮਹਾਂਰਿਸ਼ੀ ਚਯਵਨ ਹਨ। ਮੇਰੇ ਤੋਂ ਬਹੁਤ ਵੱਡਾ ਅਪਰਾਧ ਹੋਇਆ ਹੈ।'' ਐਨਾ ਕਹਿ ਕੇ ਉਹ ਹੋਰ ਵੀ ਤੇਜ਼ੀ ਨਾਲ ਰੋ ਪਈ।

'ਹਾਂ ਬੇਟੀ! ਅਣਜਾਣੇ ਵਿੱਚ ਹੀ ਸਹੀ ਪਰ ਤੇਰੇ ਤੋਂ ਅਪਰਾਧ ਤਾਂ ਹੋ ਗਿਆ। ਚਯਵਨ ਰਿਸ਼ੀ ਇਥੇ ਤਪੱਸਿਆ ਕਰ ਰਹੇ ਸਨ। ਹਨ੍ਹੇਰੀ ਤੂਫਾਨ ਅਤੇ ਵਰਖਾ ਦੇ ਕਾਰਣ ਇਹਨਾਂ ਦੇ ਚਾਰੇ ਪਾਸੇ ਮਿੱਟੀ ਦਾ ਟਿੱਲਾ ਬਣ ਗਿਆ ਹੈ। ਇਸੇ ਕਾਰਣ ਤੈਨੂੰ ਦ੍ਰਿਸ਼ਟੀਦੋਸ਼ ਹੋ ਗਿਆ। ਤੈਨੂੰ ਕੇਵਲ ਦੋ ਚਮਕਦੀਆਂ ਅੱਖਾਂ ਹੀ ਦਿੱਸੀਆਂ। ਹੁਣ ਪਤਾ ਨਹੀਂ ਕੀ ਹੋਵੇਗਾ?'' ਮਹਾਰਾਜ ਸ਼ਰਿਆਤੀ ਦੁੱਖੀ ਹੋ ਗਏ।

ਐਨੇ ਨੂੰ ਚਯਵਨ ਰਿਸ਼ੀ ਦੇ ਚੀਕਣ ਦਾ ਸੁਰ ਸੁਣਾਈ ਦਿੱਤਾ। ਇਹ ਸੁਰ ਸੁਣ ਕੇ ਸੁਕੰਨਿਆ ਨੇ ਤੁਰੰਤ ਨਿਰਣਾ ਲਿਆ, ''ਮੈਂ ਇਸ ਪਾਪ ਦਾ ਪਛਤਾਵਾ ਕਰਕੇ ਨੁਕਸਾਨ ਦਾ ਹਰਜਾਨਾ ਭਰਾਂਗੀ।''

''ਤੇਰਾ ਪਛਤਾਵਾ ਕਰਨ ਨਾਲ ਮਹਾਰਿਸ਼ੀ ਦੀਆਂ ਅੱਖਾਂ ਤਾਂ ਵਾਪਸ ਨਹੀਂ ਆਉਣਗੀਆਂ।'' ਪਿਤਾ ਸ਼ਰਿਆਤੀ ਨੇ ਕਿਹਾ।

ਸੁਕੰਨਿਆ ਬੋਲੀ, ''ਮੈਂ ਇਹਨਾਂ ਦੀਆਂ ਅੱਖਾਂ ਬਣਾਂਗੀ।''

''ਇਹ ਕੀ ਕਹਿ ਰਹੀ ਹੋ ਬੇਟੀ।'' ਸ਼ਰਿਆਤੀ ਬੋਲੇ।

''ਮੈਂ ਬਿਲਕੁਲ ਠੀਕ ਕਹਿ ਰਹੀ ਹਾਂ ਪਿਤਾ ਜੀ। ਇਹਨਾਂ ਦੇ ਕਸ਼ਟ ਵਿੱਚ ਮੇਰਾ ਕਸ਼ਟ ਅਤੇ ਇਹਨਾਂ ਦੇ ਸੁੱਖ ਵਿੱਚ ਹੀ ਮੇਰਾ ਸੁੱਖ ਹੋਵੇਗਾ। ਮੈਂ ਭੁੱਲ ਅਤੇ ਖਿਮਾ ਦਾ ਬਹਾਨਾ ਬਣਾ ਕੇ ਅਪਰਾਧ ਮੁਕਤ ਨਹੀਂ ਹੋਣਾ ਚਾਹੁੰਦੀ। ਨਿਆਂ-ਨੀਤੀ ਦੇ ਸਮਾਨ ਅਧਿਕਾਰ ਨੂੰ ਸਵੀਕਾਰ ਕਰਨ ਵਿੱਚ



ਮੇਰਾ ਅਤੇ ਵਿਸ਼ਵ ਦਾ ਕਲਿਆਣ ਹੈ। ਇਹ ਸਭ ਤਾਂ ਮੈਂ ਆਪ ਤੋਂ ਹੀ ਪ੍ਰਾਪਤ ਕੀਤਾ ਹੈ। ਮੈਂ ਚਯਵਨ ਰਿਸ਼ੀ ਨਾਲ ਵਿਆਹ ਕਰਕੇ, ਉਹਨਾਂ ਦੀਆਂ ਅੱਖਾਂ ਬਣ ਕੇ ਸੇਵਾ-ਧਰਮ ਨਿਭਾਵਾਂਗੀ।'' ਸੁਕੰਨਿਆ ਨੇ ਕਿਹਾ।

ਸ਼ਰਿਆਤੀ ਨੇ ਕਿਹਾ, ''ਚਯਵਨ ਰਿਸ਼ੀ ਬੁੱਢੇ ਅਤੇ ਕਮਜ਼ੋਰ ਸਰੀਰ ਦੇ ਹਨ ਅਤੇ ਤੂੰ ਜਵਾਨ ਹੈ, ਇਹ ਤਾਂ ਬੇਮੇਲ ਵਿਆਹ ਹੋਵੇਗਾ।''

ਸੁਕੰਨਿਆ ਬੋਲੀ, ''ਪਿਤਾ ਜੀ ਇਥੇ ਯੋਗਤਾ ਅਤੇ ਪਾਤਰਤਾ ਦਾ ਸਵਾਲ ਹੀ ਨਹੀਂ ਉਠਦਾ। ਮੈਂ ਤਾਂ ਪਛਤਾਵਾ ਕਰਨਾ ਹੈ। ਮੈਂ ਇਸ ਕੰਮ ਨੂੰ ਆਪਣਾ ਧਰਮ ਸਮਝ ਕੇ ਤਪੱਸਿਆ ਨਾਲ ਆਨੰਦਪੂਰਵਕ ਪੂਰਣ ਕਰਕੇ ਰਹਾਂਗੀ। ਮੈਨੂੰ ਆਪਣਾ ਅਸ਼ੀਰਵਾਦ ਦਿਉ।''

ਸੁਕੰਨਿਆ ਦੇ ਅੱਗੇ ਪਿਤਾ ਦੀ ਨਾ ਚਲੀ ਅਤੇ ਉਹ ਵਿਆਹ ਦੀਆਂ ਤਿਆਰੀਆਂ ਵਿੱਚ ਜੁੱਟ ਗਏ। ਮਹਾਂਰਿਸ਼ੀ ਚਯਵਨ ਅਤੇ ਸੁਕੰਨਿਆ ਦਾ ਵਿਆਹ ਸੰਪੰਨ ਹੋਇਆ। ਸੁਕੰਨਿਆ ਦੀ ਤਿਆਗ ਭਾਵਨਾ ਵੇਖ ਕੇ ਦੇਵਗਣ ਵੀ ਬਹੁਤ ਖੁਸ਼ ਹੋਏ। ਸੁਕੰਨਿਆ ਦੀ ਛੋਟੀ ਉਮਰ ਵੇਖ ਕੇ ਦੇਵਤਿਆਂ ਨੇ ਚਯਵਨ ਰਿਸ਼ੀ ਨੂੰ ਇੱਕ ਦਵਾਈ ਦੀ ਜਾਣਕਾਰੀ ਦਿੱਤੀ ਜਿਸ ਦੇ ਇਸਤੇਮਾਲ ਨਾਲ ਰਿਸ਼ੀ ਜਵਾਨ ਹੋ ਗਏ। ਬਾਦ ਵਿੱਚ ਉਸ ਦਵਾਈ ਦਾ ਨਾਮ 'ਚਯਵਨਪ੍ਰਾਸ਼' ਹੋਇਆ ਜਿਸ ਨੂੰ ਲੋਕ ਅੱਜ ਵੀ ਗ੍ਰਹਿਣ ਕਰਦੇ ਹਨ। ■

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਰੇਲ ਦੀਆਂ ਪਟਰੀਆਂ ਵਿੱਚ ਜੋੜਾਂ ਦੇ ਵਿੱਚ ਖਾਲੀ ਸਥਾਨ ਕਿਉਂ ਛੱਡਿਆ ਜਾਂਦਾ ਹੈ?

**ਉੱਤਰ :** ਰੇਲਗੱਡੀ ਜਦ ਪਟਰੀ ਤੇ ਚਲਦੀ ਹੈ ਤਾਂ ਪਹੀਆਂ ਅਤੇ ਪਟਰੀ ਦੇ ਵਿੱਚ ਇੱਕ ਪ੍ਰਕਾਰ ਦਾ ਘਰਸ਼ਣ ਹੁੰਦਾ ਹੈ। ਇਸ ਘਰਸ਼ਣ ਨਾਲ ਬਹੁਤ ਜ਼ਿਆਦਾ ਮਾਤਰਾ ਵਿੱਚ ਗਰਮੀ ਨਿਕਲਦੀ ਹੈ ਜਿਸ ਦੇ ਕਾਰਣ ਰੇਲ ਦੀ ਪਟਰੀ ਫੈਲਦੀ ਹੈ। ਪਟਰੀ ਦੇ ਇਸ ਫੈਲਾਵ ਲਈ ਸਥਾਨ ਦੇਣ ਦੇ ਮੰਤਵ ਨਾਲ ਕਿਤੇ-ਕਿਤੇ ਖਾਲੀ ਸਥਾਨ ਛੱਡਿਆ ਜਾਂਦਾ ਹੈ। ਜੇਕਰ ਸਥਾਨ ਨਹੀਂ ਛੱਡਿਆ ਜਾਇਗਾ ਤਾਂ ਪਟਰੀ ਦੇ ਫੈਲਾਵ ਨਾਲ ਉਹ ਟੇਡੀ-ਮੇਡੀ ਹੋ ਜਾਏਗੀ ਅਤੇ ਰੇਲਗੱਡੀ ਪਟਰੀ ਤੋਂ ਉੱਤਰ ਜਾਏਗੀ।

**ਪ੍ਰਸ਼ਨ :** ਧਰਮਲ ਬੋਤਲ ਵਿੱਚ ਗਰਮ ਵਸਤੂ ਗਰਮ ਅਤੇ ਠੰਡੀ ਵਸਤੂ ਠੰਡੀ ਕਿਉਂ ਰਹਿੰਦੀ ਹੈ?

**ਉੱਤਰ :** ਧਰਮਲ ਬੋਤਲ ਕੱਚ ਦੀ ਬਣੀ ਹੁੰਦੀ ਹੈ ਅਤੇ ਕੱਚ ਗਰਮੀ ਦਾ ਕੁਚਾਲਕ ਹੁੰਦਾ ਹੈ। ਕੱਚ ਦੀ ਬੋਤਲ ਦੋਵਾਂ ਦੀਵਾਰਾਂ ਦੇ ਵਿਚਕਾਰ ਬਿਨਾ ਹਵਾ ਦੇ ਸਥਾਨ ਹੋਣ ਨਾਲ ਗਰਮੀ ਬੋਤਲ ਦੇ ਅੰਦਰ ਦੀ ਦੀਵਾਰ ਤੋਂ ਬਾਹਰ ਨਹੀਂ ਆ ਪਾਉਂਦੀ। ਇਸ ਦੇ ਇਲਾਵਾ ਬੋਤਲ ਦੀਆਂ ਚਮਕਦਾਰ ਬਾਹਰੀ ਦੀਵਾਰਾਂ ਗਰਮੀ ਦੀਆਂ ਰੇਡੀਏਸ਼ਨ ਕਿਰਨਾਂ ਨੂੰ ਪਰਾਵਰਤਿਤ ਕਰਕੇ ਬਾਹਰੀ ਸਤ੍ਹਾ ਤੇ ਰੋਕ ਲੈਂਦੀਆਂ ਹਨ। ਇਸ ਲਈ ਥਰਮਲ ਬੋਤਲ ਵਿੱਚ ਗਰਮ ਵਸਤੂ ਗਰਮ ਅਤੇ ਠੰਡੀ ਵਸਤੂ ਠੰਡੀ ਬਣੀ ਰਹਿੰਦੀ ਹੈ।

**ਪ੍ਰਸ਼ਨ :** ਝਰਨੇ ਦੀ ਚੋਟੀ ਦੀ ਤੁਲਨਾ ਵਿੱਚ ਉਸ ਦੇ ਤਲ ਦੇ ਕੋਲ ਦਾ ਪਾਣੀ ਹਲਕਾ-ਜਿਹਾ ਗਰਮ ਕਿਉਂ ਹੁੰਦਾ ਹੈ?

**ਉੱਤਰ :** ਜ਼ਿਆਦਾ ਉਚਾਈ ਦੇ ਕਾਰਣ ਝਰਨੇ ਦੀ ਚੋਟੀ ਤੇ ਪਾਣੀ ਵਿੱਚ ਸੰਭਾਵਿਤ ਊਰਜਾ ਹੁੰਦੀ ਹੈ। ਜਦ ਇਹ ਪਾਣੀ ਹੇਠਾਂ ਡਿਗਦਾ ਹੈ ਤਾਂ ਇਸ ਦੀ ਸੰਭਾਵਿਤ ਊਰਜਾ ਗਤੀਆਤਮਿਕ ਊਰਜਾ ਵਿੱਚ ਤਬਦੀਲ ਹੋ ਜਾਂਦੀ ਹੈ। ਨਤੀਜੇ ਵਜੋਂ, ਜਦ ਇਹ ਪਾਣੀ ਜ਼ਮੀਨ ਨਾਲ ਟਕਰਾਉਂਦਾ ਹੈ ਤਾਂ ਗਤੀਆਤਮਿਕ ਊਰਜਾ ਦਾ ਇੱਕ ਹਿੱਸਾ ਤਾਪ ਊਰਜਾ ਵਿੱਚ ਬਦਲ ਜਾਂਦਾ ਹੈ। ਇਸ ਤਰ੍ਹਾਂ ਪੈਦਾ ਤਾਪ ਊਰਜਾ ਝਰਨੇ ਦੇ ਤਲ ਦੇ ਕੋਲ ਪਾਣੀ ਨੂੰ ਥੋੜਾ ਜਿਹਾ ਗਰਮ ਕਰ ਦਿੰਦੀ ਹੈ।

**ਪ੍ਰਸ਼ਨ :** ਕੁੱਝ ਪਦਾਰਥ ਬਿਨਾ ਜਵਾਲਾ ਦੇ ਕਿਉਂ ਸੜਦੇ ਹਨ?

**ਉੱਤਰ :** ਜੋ ਪਦਾਰਥ ਗਰਮ ਕਰਨ ਤੇ ਪਹਿਲਾ ਵਾਸ਼ਪਿਤ ਹੁੰਦੇ ਹਨ, ਸੜਨ ਤੇ ਜਵਾਲਾ ਪੈਦਾ ਕਰਦੇ ਹਨ। ਜਿਵੇਂ-ਪੈਟਰੋਲ, ਮਿੱਟੀ ਦਾ ਤੇਲ, ਮੋਮ, ਗੰਧਕ ਆਦਿ। ਦੂਸਰੇ ਉਹ ਠੋਸ ਪਦਾਰਥ ਹਨ ਜੋ ਗਰਮ ਕਰਨ ਤੇ ਵਾਸ਼ਿਪ ਨਹੀਂ ਹੁੰਦੇ ਹਨ, ਬਿਨਾ ਜਵਾਲਾ ਦੇ ਹੀ ਸੜਦੇ ਹਨ। ਇਹਨਾਂ ਦੇ ਉਦਾਹਰਣ ਵਿੱਚ ਪ੍ਰਮੁੱਖ ਹੈ – ਕੋਇਲਾ।

ਬਾਲ ਕਹਾਣੀ : ਰਾਜਕੁਮਾਰ 'ਰਾਜਨ'

# ਇੱਕ ਬੂੰਦ ਦੀ ਕੀਮਤ

''ਮਗਲੂ! ਅੱਜ ਤੂੰ ਫਿਰ ਟੂਟੀ ਚੱਲਦੀ ਛੱਡ ਦਿੱਤੀ''। ਮਗਲੂ ਹਿਰਨ ਦੀ ਮਾਂ ਰੋਮੀ ਹਿਰਣੀ ਕਹਿ ਰਹੀ ਸੀ- ਤੂੰ ਨਹਾ ਲਿਆ ਹੈ ਤਾਂ ਤੁਰੰਤ ਟੂਟੀ ਬੰਦ ਕਰ ਦੇਣੀ ਚਾਹੀਦੀ ਸੀ। ਕਿੰਨਾ ਪਾਣੀ ਵਹਿ ਕੇ ਨਾਲੀ ਵਿੱਚ ਚਲਾ ਗਿਆ।

ਮਗਲੂ ਰੋਜ਼ ਹੀ ਕਿੰਨਾ ਹੀ ਪਾਣੀ ਬਰਬਾਦ ਕਰ ਦਿੰਦਾ। ਸਵੇਰੇ ਬੁਰਸ਼ ਕਰਦਾ ਤਾਂ ਪੂਰੀ ਰਫ਼ਤਾਰ ਨਾਲ ਲਗਾਤਾਰ ਟੂਟੀ ਖੁੱਲ੍ਹੀ ਛੱਡ ਦਿੰਦਾ। ਖਾਣਾ ਖਾ ਕੇ ਹੱਥ ਧੋਂਦਾ ਤਾਂ ਟੂਟੀ ਬੰਦ ਨਹੀਂ ਕਰਦਾ। ਪਾਣੀ ਬੇਕਾਰ ਵਹਿੰਦਾ ਰਹਿੰਦਾ।

ਮਾਂ ਝਿੜਕਦੀ ਰਹਿੰਦੀ, ''ਮਗਲੂ ਤੈਨੂੰ ਕਿੰਨੀ ਵਾਰ ਕਿਹਾ ਹੈ ਕਿ ਪਾਣੀ ਨੂੰ ਬਰਬਾਦ ਨਾ ਕਰ, ਪਰ ਤੂੰ ਹੈ ਕਿ ....''

– ਮਾਂ ਤੁਹਾਨੂੰ ਕੀ ਫਰਕ ਪੈਂਦਾ ਹੈ ਪਾਣੀ ਹੀ ਤਾਂ ਵਹਿ ਰਿਹਾ ਹੈ, ਦੁੱਧ ਤਾਂ ਨਹੀਂ ਵਹਿ ਗਿਆ। – ਮਗਲੂ ਹਿਰਣ ਬੋਲਿਆ।

''ਤੈਨੂੰ ਖੂਬ ਪਾਣੀ ਮਿਲਦਾ ਹੈ ਨਾ, ਤਦੇ ਤੂੰ ਇਸ ਦੀ ਕੀਮਤ ਨਹੀਂ ਸਮਝਦਾ। ਉਹਨਾਂ ਲੋਕਾਂ ਦੀ ਸੋਚ ਜੋ ਇੱਕ-ਇੱਕ ਬੂੰਦ ਪਾਣੀ ਲਈ ਤਰਸਦੇ ਹਨ।'' ਮਾਂ ਬੁੜਬੜਾਉਂਦੀ ਹੋਈ ਖਾਣਾ ਬਣਾਉਣ ਵਿੱਚ ਲਗ ਗਈ।

ਦੁਪਹਿਰ ਦਾ ਸਮਾਂ ਸੀ। ਮਗਲੂ ਨੇ ਗੁਸਲਖਾਨੇ ਵਿੱਚ ਇੱਕ ਵੱਡਾ ਜਿਹਾ ਟੱਬ ਪਾਣੀ ਨਾਲ ਭਰ ਲਿਆ ਅਤੇ ਉਪਰੋਂ ਟੂਟੀ ਚਾਲੂ ਕਰ ਦਿੱਤੀ। ਉਸ ਵਿੱਚ ਉਛਲ-ਕੂਦ ਕਰਦੇ ਹੋਏ ਉਹ ਨਹਾਉਣ ਲੱਗਾ।

ਜਦ ਕਾਫੀ ਦੇਰ ਤਕ ਮਗਲੂ ਗੁਸਲਖਾਨੇ ਤੋਂ ਬਾਹਰ ਨਹੀਂ ਆਇਆ ਤਾਂ ਉਸ ਦੀ ਮਾਂ ਰੋਮੀ ਹਿਰਣੀ ਉਥੇ ਪਹੁੰਚੀ, ''ਇਹ ਕੀ? ਤੂੰ ਫਿਰ ਕਿੰਨਾ ਪਾਣੀ ਬਰਬਾਦ ਕਰ ਦਿੱਤਾ। ਵੇਖ, ਕਿੰਨਾ ਪਾਣੀ ਬੇਕਾਰ ਵਹਿ ਕੇ ਜਾ ਰਿਹਾ ਹੈ।'' ਕਹਿੰਦੇ ਹੋਏ ਰੋਮੀ ਨੇ ਟੂਟੀ ਬੰਦ ਕਰ ਦਿੱਤੀ।

– ਮਾਂ ਗਰਮੀ ਲੱਗਦੀ ਹੈ। ਪਾਣੀ ਵਿੱਚ ਖੇਡਣ ਨਾਲ ਮਜਾ ਆਉਂਦਾ ਹੈ। – ਮਗਲੂ ਨੇ ਕਿਹਾ।

– ਵੇਖ ਬੇਟਾ, ਤੈਨੂੰ ਓਨਾ ਪਾਣੀ ਵਰਤਣਾ ਚਾਹੀਦਾ ਹੈ ਜਿੰਨੀ ਲੋੜ ਹੋਵੇ। ਜਿਨਾਂ ਪਾਣੀ ਬਚਾਓਗੇਓਨਾ ਖੇਤਾਂ ਵਿੱਚ ਦਿੱਤਾ ਜਾ ਸਕੇਗਾ ਅਤੇ ਫਸਲ ਵੀ ਚੰਗੀ ਹੋਵੇਗੀ। ਕਾਰਖਾਨਿਆਂ ਵਿੱਚ ਪਾਣੀ ਜ਼ਰੂਰੀ ਹੁੰਦਾ ਹੈ। ਪੂਰਾ ਪਾਣੀ ਨਾ ਮਿਲਣ ਕਾਰਣ ਸਾਡੇ ਕਈ ਕਾਰਖਾਨੇ ਬੰਦ ਪਏ ਹਨ।

– ਪਰ ਮਾਂ ਟੂਟੀਆਂ ਵਿੱਚ ਪਾਣੀ ਸਾਡੇ ਲਈ ਹੀ ਤਾਂ ਆਉਂਦਾ ਹੈ।

– ਮਗਲੂ ਨੇ ਕਿਹਾ।





ਪਿਕਨਿਕ ਵੀ ਹੋ ਜਾਵੇਗੀ। ਉਥੋਂ ਸ਼ਾਮ ਤਕ ਵਾਪਸ ਆ ਜਾਵਾਂਗੇ।

– ਵਾਹ ਮੰਮੀ ਫਿਰ ਤਾਂ ਬੜਾ ਮਜਾ ਆਏਗਾ- ਮਗਲੂ ਖੁਸ਼ ਹੁੰਦੇ ਹੋਏ ਬੋਲਿਆ।

ਠੀਕ ਸਮੇਂ ਤੇ ਚੰਚਲ ਚਾਚਾ ਆਪਣੀ ਜੀਪ ਲੈ ਕੇ ਆ ਗਏ। ਸਾਰੇ ਤਿਆਰ ਹੀ ਸਨ, ਜੀਪ ਵਿੱਚ ਸਵਾਰ ਹੋ ਗਏ। ਅੱਠ-ਦਸ ਕਿਲੋਮੀਟਰ ਚੱਲਣ ਦੇ ਬਾਦ ਇੱਕ ਸੁਨਸਾਨ ਜਗ੍ਹਾ ਤੇ ਪਹੁੰਚ ਗਏ। ਸਾਰੇ ਬਹੁਤ ਖੁਸ਼ ਸਨ।

– ਤੈਨੂੰ ਇਥੇ ਖੂਬ ਪਾਣੀ ਮਿਲ ਰਿਹਾ ਹੈ ਨਾ ਇਸ ਲਈ ਤੈਨੂੰ ਉਹਨਾਂ ਇਲਾਕਿਆਂ ਦੀ ਖ਼ਬਰ ਨਹੀਂ ਜਿਥੇ ਸਾਡੇ ਵਰਗੇ ਕਈ ਪ੍ਰਾਣੀਆਂ ਨੂੰ ਪੀਣ ਦੇ ਪਾਣੀ ਲਈ ਵੀ ਦੂਰ-ਦੂਰ ਜਾਣਾ ਪੈਂਦਾ ਹੈ।

– ਰੋਮੀ ਹਿਰਣੀ ਨੇ ਸਮਝਾਉਣ ਦਾ ਯਤਨ ਕੀਤਾ।

– ਲੇਕਿਨ ਮਾਂ, ਪਿਤਾ ਜੀ ਪਾਣੀ ਦਾ ਬਿਲ ਤਾਂ ਭਰਦੇ ਹਨ। ਫਿਰ ਜਦ ਅਸੀਂ ਪੈਸੇ ਦੇ ਕੇ ਪਾਣੀ ਖਰੀਦਦੇ ਹਾਂ ਤਾਂ ਕਿਉਂ ਨਾ ਉਸ ਨਾਲ ਖੇਡੀਏ?

– ਮਾਂ ਸਮਝ ਗਈ ਕਿ ਜਦ ਤਕ ਇਹ ਖੁਦ ਪਾਣੀ ਲਈ ਤਰਸੇਗਾ ਨਹੀਂ ਇਸ ਦੀ ਸਮਝ ਵਿੱਚ ਪਾਣੀ ਦੀ ਕੀਮਤ ਨਹੀਂ ਆਏਗੀ। ਉਹ ਚੁੱਪ ਹੋ ਗਈ ਅਤੇ ਕੁੱਝ ਸੋਚਣ ਲੱਗੀ। ਉਸ ਦੇ ਦਿਮਾਗ ਵਿੱਚ ਇੱਕ 'ਆਈਡੀਆ' ਆ ਗਿਆ।

ਐਤਵਾਰ ਨੂੰ ਛੁੱਟੀ ਦਾ ਦਿਨ ਸੀ। ਰੋਮੀ ਹਿਰਣੀ ਨੇ ਕਿਹਾ- ਮਗਲੂ ਤੇਰੇ ਚੰਚਲ ਚਾਚਾ ਨੇ ਗਵਾਂਢ ਵਾਲੇ ਜੰਗਲ ਵਿੱਚ ਕਾਲਜ ਬਣਾਉਣ ਲਈ ਜੋ ਜ਼ਮੀਨ ਖਰੀਦੀ ਹੈ ਨਾ, ਉਸ ਨੂੰ ਵੇਖਣ ਚੱਲਣਾ ਹੈ। ਮੈਂ ਖਾਣਾ ਬਣਾ ਕੇ ਪੈਕ ਕਰ ਲੈਂਦੀ ਹਾਂ। ਪਾਪਾ ਵੀ ਸਾਡੇ ਨਾਲ ਚੱਲਣਗੇ। ਚੰਚਲ ਹਿਰਣ ਦੇ ਦੋਵੇਂ ਬੱਚੇ ਵੀ ਸਾਡੇ ਨਾਲ ਚਲ ਰਹੇ ਹਨ। ਕਾਲਜ ਦੀ ਜ਼ਮੀਨ ਵੀ ਵੇਖ ਆਵਾਂਗੇ ਅਤੇ

– ਕਿਉਂ ਭਾਈ ਸਾਹਿਬ ਕਾਲਜ ਬਣਾਉਣ ਲਈ ਇਹ ਜਗ੍ਹਾ ਠੀਕ ਰਹੇਗੀ ਨਾ?

– ਚੰਚਲ ਚਾਚਾ ਨੇ ਪੁੱਛਿਆ ਤਾਂ ਮਗਲੂ ਦੇ ਪਿਤਾ ਜੀ ਬੋਲੇ- ਹਾਂ, ਬਹੁਤ ਵਧੀਆ ਹੈ। ਆਬਾਦੀ ਤੋਂ ਦੂਰ ਵੀ ਹੈ। ਜੰਗਲ ਦੇ ਜਾਨਵਰਾਂ ਨੂੰ ਉਚੇਰੀ ਸਿਖਿਆ ਲਈ ਬਾਹਰ ਨਹੀਂ ਜਾਣਾ ਪਵੇਗਾ।

– ਚੰਗਾ ਤਾਂ ਭਾਈ ਸਾਹਿਬ, ਆਪ ਲੋਕ ਪਿਕਨਿਕ ਮਨਾਉ। ਮੈਨੂੰ ਜਰਾ ਸ਼ਹਿਰ ਵਿੱਚ ਕੰਮ ਹੈ। ਬੱਚੇ ਆਪ ਦੇ ਨਾਲ ਹੀ ਹਨ। ਕਿੰਨੇ ਵਜੇ ਤਕ ਲੈਣ ਆ ਜਾਵਾਂ, ਤੁਹਾਨੂੰ ਸਾਰਿਆਂ ਨੂੰ?

– ਅਸੀਂ ਤਾਂ ਖੇਡਣ ਦਾ ਸਮਾਨ ਲਿਆਏ ਹਾਂ। ਤੁਸੀਂ ਦੇਰ ਨਾਲ ਆਉਣਾ, ਸ਼ਾਮ ਦੇ ਪੰਜ ਵਜੇ ਤਕ। – ਬੱਚਿਆਂ ਨੇ ਕਿਹਾ।

ਉਥੇ ਦੂਰ-ਦੂਰ ਤਕ ਕੇਵਲ ਇੱਕ ਹੀ ਛਾਂਦਾਰ ਬੋਹੜ ਦਾ ਰੁੱਖ ਸੀ। ਉਸ ਦੇ ਹੇਠਾਂ ਰੋਮੀ ਹਿਰਣੀ ਨੇ ਦਰੀ ਵਿਛਾ ਦਿੱਤੀ। ਸਾਰੇ ਉਥੇ ਬੈਠ ਗਏ।

ਕੁੱਝ ਦੇਰ ਵਿੱਚ ਬੱਚੇ ਬੇਡਮਿੰਟਨ ਖੇਡਣ ਚਲੇ ਗਏ। ਥੋੜੀ ਦੇਰ ਬਾਦ ਮਗਲੂ ਹਿਰਣ ਮਾਂ ਦੇ ਕੋਲ ਆਇਆ ਅਤੇ ਬੋਲਿਆ- ਮਾਂ, ਪਾਣੀ ਦਿਉ, ਪਿਆਸ ਲੱਗੀ ਹੈ।

ਰੋਮੀ ਹਿਰਣੀ ਨੇ ਨਾਲ ਲਿਆਂਦੀ ਪਾਣੀ ਦੀ ਬੋਤਲ ਮਗਲੂ ਨੂੰ ਫੜਾ ਦਿੱਤੀ। ਕੁੱਝ ਹੀ ਦੇਰ



ਵਿੱਚ ਮਗਲੂ ਅਤੇ ਚਾਚਾ ਜੀ ਦੇ ਬੱਚਿਆਂ ਨੇ ਮਿਲ ਕੇ ਨਾਲ ਲਿਆਂਦੀ ਪਾਣੀ ਦੀ ਬੋਤਲ ਖਾਲੀ ਕਰ ਦਿੱਤੀ।

ਦੁਪਹਿਰ ਹੁੰਦੇ-ਹੁੰਦੇ ਬੱਚਿਆਂ ਨੂੰ ਭੁੱਖ ਲੱਗ ਗਈ। ਰੋਮੀ ਹਿਰਨੀ ਨੇ ਸਾਰਿਆਂ ਲਈ ਖਾਣਾ ਲਗਾ ਦਿੱਤਾ। ਖਾਣੇ ਵਿੱਚ ਸਾਰਿਆਂ ਨੂੰ ਬਹੁਤ ਆਨੰਦ ਆਇਆ। ਖਾਣੇ ਦੇ ਬਾਅਦ ਬੱਚਿਆਂ ਨੇ ਪਾਣੀ ਮੰਗਿਆ ਤਾਂ, ਮਾਂ ਨੇ ਦੱਸਿਆ- ਪਾਣੀ ਤਾਂ ਬਸ ਉਸੇ ਬੋਤਲ ਵਿੱਚ ਸੀ। ਉਹ ਤਾਂ ਤੁਸੀਂ ਖਤਮ ਕਰ ਦਿੱਤਾ।

ਮਗਲੂ ਨੇ ਚਾਰੇ ਪਾਸੇ ਵੇਖਿਆ। ਦੂਰ ਇੱਕ ਹੈਂਡਪੰਪ (ਨਲਕਾ) ਦਿਖਾਈ ਦਿੱਤਾ। ਤਿੰਨੇ ਬੱਚੇ ਖਾਲੀ ਬੋਤਲ ਲੈ ਕੇ ਉਸ ਪਾਸੇ ਦੌੜੇ। ਧੁੱਪ ਵਿੱਚ ਦੌੜ ਕੇ ਹੈਂਡਪੰਪ ਤਕ ਪਹੁੰਚਦੇ-ਪਹੁੰਚਦੇ ਤਿੰਨੇ ਪਸੀਨੇ ਨਾਲ ਤਰ ਹੋ ਗਏ। ਹੁਣ ਉਹਨਾਂ ਨੂੰ ਹੋਰ ਵੀ ਜ਼ੋਰ ਨਾਲ ਪਿਆਸ ਲੱਗਣ ਲੱਗ ਗਈ। ਪਰ ਜਦੋਂ ਉਹਨਾਂ ਨੇ ਹੱਥਾ ਫੜ ਕੇ ਹੈਂਡਪੰਪ ਚਲਾਉਣਾ ਚਾਹਿਆ ਤਾਂ ਉਹ ਇੱਕਦਮ ਹੇਠਾਂ ਡਿਗ ਗਿਆ। ਪਾਣੀ ਨਿਕਲਿਆ ਹੀ ਨਹੀਂ।

ਇਹ ਨਲਕਾ ਤਾਂ ਖਰਾਬ ਹੈ। - ਮਗਲੂ ਬੋਲਿਆ। ਦੂਰ-ਦੂਰ ਤਕ ਦੂਸਰਾ ਨਲਕਾ ਵੀ ਦਿਖਾਈ ਨਹੀਂ ਦੇ ਰਿਹਾ ਸੀ। ਉਥੋਂ ਵਾਪਸ ਬੋਹੜ ਦੇ ਰੁੱਖ ਤਕ ਆਉਂਦੇ-ਆਉਂਦੇ ਤਾਂ ਤਿੰਨਾਂ ਦਾ ਬੁਰਾ ਹਾਲ ਹੋ ਗਿਆ। ਸਭ ਤੋਂ ਛੋਟਾ ਹਿਰਣ ਤਾਂ ਰੋਣ ਵੀ ਲੱਗਾ।

- ਕੋਈ ਗੱਲ ਨਹੀਂ ਪਿਆਸ ਲੱਗੀ ਹੈ ਤਾਂ ਸੰਤਰੇ ਦੀਆਂ ਫਾੜੀਆਂ ਚੂਸ ਲਓ। - ਰੋਮੀ ਹਿਰਨੀ ਨੇ ਟੋਕਰੀ ਵਿੱਚੋਂ ਸੰਤਰਾ ਕੱਢ ਕੇ ਦਿੰਦੇ ਹੋਏ ਕਿਹਾ।

ਸੰਤਰਾ ਖਾ ਕੇ ਮਗਲੂ ਬੋਲਿਆ- ਇਸ ਨਾਲ ਕੁੱਝ ਨਹੀਂ ਹੋਇਆ ਮਾਂ, ਮੈਨੂੰ ਤਾਂ ਪਾਣੀ ਹੀ ਚਾਹੀਦਾ ਹੈ। ਪਿਆਸ ਦੇ ਮਾਰੇ ਜਾਨ ਨਿਕਲੀ ਜਾ ਰਹੀ ਹੈ। - ਉਹ ਰੋਣਹਾਕਾ ਜਿਹਾ ਹੋ ਉਠਿਆ।

- ਬੇਟਾ, ਹੁਣ ਮੈਂ ਇਥੇ ਪਾਣੀ ਕਿਥੋਂ ਲਿਆਵਾਂ? ਭਿਅੰਕਰ ਗਰਮੀ ਪੈ ਰਹੀ ਹੈ ਅਤੇ ਅੰਕਲ ਵੀ ਤਾਂ



ਸ਼ਾਮ ਤਕ ਲੈਣ ਆਉਣਗੇ। ਕੁੱਝ ਦੇਰ ਦੀ ਹੀ ਤਾਂ ਗੱਲ ਹੈ, ਸ਼ਾਮ ਨੂੰ ਘਰ ਜਾ ਕੇ ਖ਼ੂਬ ਪਾਣੀ ਪੀ ਲੈਣਾ। – ਰੋਮੀ ਹਿਰਣੀ ਨੇ ਕਿਹਾ। ਤਿੰਨ ਵੱਜਦੇ-ਵੱਜਦੇ ਬੱਚਿਆਂ ਦਾ ਬੁਰਾ ਹਾਲ ਹੋ ਗਿਆ।

ਬਹੁਤ ਗਰਮੀ ਹੈ, ਮਾਂ! ਚਾਚਾ ਜੀ ਕਦੋਂ ਆਉਣਗੇ? ਪਿਆਸ ਦੇ ਮਾਰੇ ਗਲਾ ਸੁੱਕ ਰਿਹਾ ਹੈ।

– ਤੂੰ ਹੀ ਪੰਜ ਵੱਜੇ ਤੱਕ ਆਉਣ ਲਈ ਕਿਹਾ ਸੀ। – ਪਿਤਾ ਜੀ ਬੋਲੇ।

– ਓਹ ਮਾਂ, ਹੁਣ ਤਾਂ ਰਿਹਾ ਨਹੀਂ ਜਾਂਦਾ। ਕਿਤੋਂ ਇੱਕ ਬੋਤਲ ਪਾਣੀ ਵੀ ਨਹੀਂ ਮਿਲ ਸਕਦਾ ਕੀ? – ਮਗਲੂ ਖਾਲੀ ਬੋਤਲ ਨੂੰ ਟਟੋਲਦੇ ਹੋਏ ਬੋਲਿਆ।

– ਲੱਗਦਾ ਹੈ ਹੁਣ ਤੈਨੂੰ ਪਾਣੀ ਦੀ ਇੱਕ ਬੂੰਦ ਦਾ ਅੰਦਾਜ਼ਾ ਲੱਗ ਚੁੱਕਾ ਹੈ। ਇੱਕ-ਇੱਕ ਘੁੱਟ ਪਾਣੀ ਦੇ ਲਈ ਜਾਨਵਰ ਕਿਵੇਂ ਤਰਸਦੇ ਹਨ, ਤੜਫਦੇ ਹਨ। ਇਸ ਦਾ ਅਨੁਭਵ ਤੈਨੂੰ ਹੋ ਚੁੱਕਾ ਹੈ। ਚਿੰਤਾਂ ਨਾ ਕਰ ਤੁਹਾਡੇ ਚਾਚਾ ਜੀ ਆਉਂਦੇ ਹੀ ਹੋਣਗੇ। ਮੈਂ ਉਹਨਾਂ ਨੂੰ ਤਿੰਨ-ਸਵਾ ਤਿੰਨ ਵਜੇ ਆਉਣ ਨੂੰ ਕਹਿ ਦਿੱਤਾ ਸੀ ਕਿਉਂਕਿ ਮੈਂ ਜਾਣਦੀ ਸੀ ਕਿ ਐਨੇ ਸਮੇਂ ਵਿੱਚ ਹੀ ਤੈਨੂੰ ਪਾਣੀ ਦੀ ਕੀਮਤ ਚੰਗੀ ਤਰ੍ਹਾਂ ਪਤਾ ਲੱਗ ਜਾਏਗੀ। – ਮਾਂ ਨੇ ਕਿਹਾ।

ਤਦ ਉਹਨਾਂ ਨੂੰ ਦੂਰ ਤੋਂ ਇੱਕ ਜੀਪ ਆਉਂਦੀ ਦਿਖਾਈ ਦਿੱਤੀ। ਬੱਚੇ ਖੁਸ਼ੀ ਨਾਲ ਉਛਲ ਪਏ। ਚੰਚਲ ਭਰਾ ਅਸੀਂ ਜਿਸ ਕੰਮ ਲਈ ਆਏ ਸੀ, ਉਹ ਹੋ ਚੁੱਕਾ ਹੈ। ਹੁਣ ਬੱਚਿਆਂ ਨੂੰ ਪਾਣੀ ਪਿਲਾ ਦਿਉ। – ਮਗਲੂ ਦੇ ਪਿਤਾ ਜੀ ਨੇ ਕਿਹਾ।

ਚੰਚਲ ਹਿਰਣ ਨੇ ਮੁਸਕਰਾਉਂਦੇ ਹੋਏ ਜੀਪ ਵਿੱਚ ਰੱਖੀਆਂ ਪਾਣੀ ਦੀਆਂ ਬੋਤਲਾਂ ਕੱਢ ਕੇ ਬੱਚਿਆਂ ਨੂੰ ਫੜਾ ਦਿੱਤੀਆਂ। ਬੱਚਿਆਂ ਨੇ ਠੰਡੇ ਪਾਣੀ ਦੀਆਂ ਬੋਤਲਾਂ ਲਈਆਂ ਅਤੇ ਗਟਾਗਟ ਢੇਰ ਸਾਰਾ ਪਾਣੀ ਪੀ ਗਏ।

''ਮਾਂ, ਹੁਣ ਪਤਾ ਲੱਗਾ, ਜਿਸ ਪਾਣੀ ਨੂੰ ਅਸੀਂ ਬੁਰੀ ਤਰ੍ਹਾਂ ਬਰਬਾਦ ਕਰਦੇ ਹਾਂ ਉਸ ਦੀ ਇੱਕ – ਇੱਕ ਬੂੰਦ ਕਿੰਨੀ ਕੀਮਤੀ ਹੁੰਦੀ ਹੈ।

ਹੁਣ ਅਸੀਂ ਬਿਲਕੁਲ ਵੀ ਪਾਣੀ ਬਰਬਾਦ ਨਹੀਂ ਕਰਾਂਗੇ। ਸਾਰੇ ਬੱਚਿਆਂ ਨੇ ਵਾਅਦਾ ਕੀਤਾ ਅਤੇ ਸਾਰੇ ਆਪਣੇ ਘਰਾਂ ਵੱਲ ਵਾਪਸ ਚੱਲ ਪਏ। ■

# ਮਾਂ ਇੱਕ ਪਰਿਪੂਰਣ ਮਾਨਵੀ ਜੀਵਨ



***ਮਾਂ ਨੂੰ ਸੰਸਾਰ ਵਿੱਚ ਸਭ ਤੋਂ ਉੱਚਾ ਦਰਜਾ ਪ੍ਰਾਪਤ ਹੈ। ਮਾਂ ਨੂੰ ਸਭ ਤੋਂ ਵੱਧ ਸਨਮਾਨ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ। ਕੀ ਕਾਰਣ ਹੈ? ਇਸ ਦੇ ਹੇਠ ਲਿਖੇ ਕਾਰਣ ਸਮਝ ਆਉਂਦੇ ਹਨ –***

- ਮਾਂ ਰਾਤ ਭਰ ਜਾਗਦੀ ਹੈ ਇਹ ਨਿਸ਼ਚਿਤ ਕਰਨ ਲਈ ਕਿ ਬੱਚਾ ਚੰਗੀ ਤਰ੍ਹਾਂ ਨਾਲ ਸੌਂ ਸਕੇ, ਮਤਲਬ ਬੱਚੇ ਦੀ ਨੀਂਦ ਲਈ ਆਪਣੀ ਨੀਂਦ ਦਾ ਤਿਆਗ ਕਰਦੀ ਹੈ।
- ਇਸ ਤੋਂ ਪਹਿਲਾਂ ਕਿ ਬੱਚਾ ਨੀਂਦ ਤੋਂ ਜਾਗ ਜਾਏ, ਫਟਾਫਟ ਆਪਣਾ ਕੰਮ ਨਿਪਟਾਉਂਦੀ ਹੈ ਤਾਂਕਿ ਬੱਚੇ ਦੇ ਜਾਗਣ ਤੇ ਉਸ ਵੱਲ ਪੂਰਾ ਧਿਆਨ ਦਿੱਤਾ ਜਾ ਸਕੇ।
- ਆਪਣਾ ਕੰਮ ਸਮੇਂ ਤੋਂ ਪਹਿਲਾਂ ਨਿਪਟਾਉਂਦੀ ਹੈ ਤਾਂਕਿ ਬੱਚੇ ਨੂੰ ਪੂਰਾ ਸਮਾਂ ਦੇ ਸਕੇ।
- ਉਸ ਨੂੰ ਮੁਢਲੀ ਸਿੱਖਿਆ ਵੀ ਦਿੰਦੀ ਹੈ ਅਤੇ ਫਿਰ ਉਸ ਦੇ ਅੱਗੇ ਦੀ ਸਹੀ ਦਿਸ਼ਾ ਸਿਖਿਆ ਨਾਲ ਹੁੰਦੀ ਹੈ।
- ਬੱਚੇ ਨੂੰ ਕਦੇ-ਕਦੇ ਸਜਾ ਵੀ ਦਿੰਦੀ ਹੈ ਅਰਥਾਤ ਮਾਰਦੀ ਵੀ ਹੈ ਪਰ ਬੱਚੇ ਦੀ ਭਲਾਈ ਲਈ। ਬੱਚੇ ਦੀ ਸਫਲਤਾ ਤੇ ਉਹ ਮਾਣ ਕਰਦੀ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਾਂ ਦਾ ਜੀਵਨ ਪਰਿਪੂਰਣ ਮਾਨਵੀ ਜੀਵਨ ਹੈ। ਇਹੀ ਕਾਰਣ ਹੈ ਕਿ ਮਾਂ ਨੂੰ ਸੰਸਾਰ ਵਿੱਚ ਸਭ ਤੋਂ ਵੱਧ ਸਨਮਾਨਯੋਗ ਸਥਾਨ ਪ੍ਰਾਪਤ ਹੈ।

– ਪੇਸ਼ਕਸ਼ : ਸ਼ੋਭਾ ਸ਼ਰਮਾ

# ਉਡਣ ਵਾਲੀਆਂ ਗਲਿਹਰੀਆਂ

ਰੁੱਖਾਂ ਦੀਆਂ ਟਹਿਣੀਆਂ ਤੇ ਉਛਲਣ, ਕੁੱਦਣ ਅਤੇ ਦੌੜਨ ਵਾਲੀਆਂ ਗਲਿਹਰੀਆਂ ਦੇ ਬਾਰੇ ਤਾਂ ਤੁਸੀਂ ਜਾਣਦੇ ਹੀ ਹੋ ਪਰ ਜੇਕਰ ਅਸੀਂ ਕਹਿ ਰਹੇ ਹਾਂ ਕਿ ਉਡਣ ਵਾਲੀਆਂ ਵੀ ਗਲਿਹਰੀਆਂ ਹੁੰਦੀਆਂ ਹਨ ਤਾਂ ਤੁਸੀਂ ਹੈਰਾਨ ਹੋ ਜਾਉਗੇ। ਪਰ ਇਹ ਇੱਕਦਮ ਸੱਚੀ ਗੱਲ ਹੈ ਕਿ ਉਡਣ ਵਾਲੀਆਂ ਗਲਿਹਰੀਆਂ ਵੀ ਹੁੰਦੀਆਂ ਹਨ। ਇਹ ਉਡਣ ਗਲਹਿਰੀ ਅਸਾਮ, ਬਾਂਦੀਪੁਰ ਅਤੇ ਰਾਜਸਥਾਨ ਦੇ ਕੁੱਝ ਜੰਗਲਾਂ ਵਿੱਚ ਮਿਲ ਜਾਂਦੀ ਹੈ। ਇਸ ਦੀ ਉੜਾਨ ਲਗਭਗ 40-50 ਗਜ ਦੀ ਦੂਰੀ ਤਕ ਹੁੰਦੀ ਹੈ। ਇਸ ਦੇ ਉਡਣ ਦੀ ਕਾਬਲੀਅਤ ਦਾ ਸਾਰਾ ਦਾਰੋਮਦਾਰ ਲੱਤਾਂ ਦੇ ਵਿੱਚ ਫੈਲੀ ਝਿੱਲੀ ਤੇ ਹੈ। ਇਹ ਜ਼ਮੀਨ ਤੇ ਕੁੱਦ-ਕੁੱਦ ਕੇ ਚੱਲਦੀ ਹੈ। ਇਸ ਦੀ ਇਹ ਕੁੱਦ-ਕੁੱਦ ਝਿੱਲੀ ਦੇ ਕਾਰਣ ਹੀ ਹੈ। ਬੇਰ ਇਸ ਨੂੰ ਪਿਆਰੇ ਹਨ। ਉਂਝ ਇਹ ਫਲ-ਫੁੱਲ, ਕੀੜੇ-ਮਕੌੜੇ, ਰੁੱਖ ਦਾ ਸੱਕ ਆਦਿ ਵੀ ਖਾਂਦੀ ਹੈ। ਉਡਣ ਵਾਲੀ ਗਲਿਹਰੀ ਦੇਸ਼ ਦੇ ਸੀਮਿਤ ਖੇਤਰਾਂ ਵਿੱਚ ਹੀ ਮਿਲਦੀ ਹੈ। ਇਸ ਲਈ ਇਸ ਦਾ ਸ਼ਿਕਾਰ ਕਾਨੂੰਨੀ ਅਪਰਾਧ ਹੈ। ਦੱਖਣੀ ਰਾਜਸਥਾਨ ਦੇ ਪ੍ਰਤਾਪਗੜ੍ਹ ਵਿੱਚ ਸਥਿਤ 'ਸੀਤਾਮਾਤਾ' ਜੰਗਲ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਬਣਾਇਆ ਗਿਆ ਹੈ।



– ਪੇਸ਼ਕਸ਼ : ਵਿਭਾ ਵਰਮਾ

# ਹਾਸਾ ਖੇਡਾ



ਪਤੀ : ਦੁਨੀਆ ਦਾ ਸਭ ਤੋਂ ਬਿਹਤਰ ਸਿੰਗਰ ਕੌਣ ਹੈ?

ਪਤਨੀ: ਪਤਾ ਨਹੀਂ, ਤੁਸੀਂ ਦੱਸੋ?

ਪਤੀ : ਮੱਛਰ ਹੈ।

ਪਤਨੀ: ਕਿਵੇਂ?

ਪਤੀ : ਉਸ ਦਾ ਗਾਣਾ ਕਿਸੇ ਨੂੰ ਪਸੰਦ ਆਏ ਜਾਂ ਨਾ ਆਏ ਪਰ ਤਾੜੀ ਸਭ ਨੂੰ ਵਜਾਉਣੀ ਪੈਂਦੀ ਹੈ।

ਪਪਲੂ : ਕੀ ਕੱਲ ਤੇਰੀ ਜਮਾਤ ਪਿਕਨਿਕ ਤੇ ਜਾ ਰਹੀ ਹੈ?

ਟਪਲੂ : ਸਾਡੀ ਜਮਾਤ ਤਾਂ ਨਹੀਂ, ਪਰ ਹਾਂ ਬੱਚੇ ਜ਼ਰੂਰ ਪਿਕਨਿਕ ਤੇ ਜਾ ਰਹੇ ਹਨ।



ਮੋਟੂ : ਯਾਰ ਦੱਸ, 'ਆਈ ਐਮ ਗੋਇੰਗ' ਦਾ ਕੀ ਅਰਥ ਹੁੰਦਾ ਹੈ?

ਪਤਲੂ : ਮੈਂ ਜਾ ਰਿਹਾ ਹਾਂ।

ਮੋਟੂ : ਇੰਝ ਕਿਵੇਂ ਚਲਾ ਜਾਏਂਗਾ? ਇਹ ਸਵਾਲ ਮੈਂ ਦੱਸ ਲੋਕਾਂ ਤੋਂ ਪੁੱਛ ਚੁੱਕਾ ਹਾਂ। ਸਾਰੇ ਇਹੀ ਕਹਿੰਦੇ ਹਨ ਕਿ 'ਮੈਂ ਜਾ ਰਿਹਾ ਹਾਂ।' ਇਸ ਦਾ ਸਹੀ ਜਵਾਬ ਦੇ ਕੇ ਜਾ।





ਸੰਗੀਤਕਾਰ : (ਗਵਾਂਢਣ ਨੂੰ) ਮੈਂ ਆਪ ਦੇ ਕੁੱਤੇ ਤੋਂ ਬਹੁਤ ਪ੍ਰੇਸ਼ਾਨ ਹਾਂ। ਜਦ ਵੀ ਮੈਂ ਸਵੇਰੇ ਰਿਆਜ਼ (ਅਭਿਆਸ) ਕਰਦਾ ਹਾਂ ਤਾਂ ਉਹ ਭੌਂਕਣ ਲੱਗਦਾ ਹੈ।

ਗਵਾਂਢਣ : ਇਸ ਵਿੱਚ ਮੈਂ ਕੀ ਕਰ ਸਕਦੀ ਹਾਂ। ਸ਼ੁਰੂਆਤ ਤਾਂ ਹਮੇਸ਼ਾਂ ਆਪ ਹੀ ਕਰਦੇ ਹੋ।

– ਪ੍ਰਿਯੰਕਾ

ਟੀਚਰ : ਕੱਲ ਅਸੀਂ ਲੋਕ ਸੂਰਜ ਦੇ ਉਪਰ ਚਰਚਾ ਕਰਾਂਗੇ। ਤੂੰ ਕੱਲ ਜ਼ਰੂਰ ਆਉਣਾ ਹੈ।

ਰਾਹੁਲ : ਨਹੀਂ ਸਰ! ਕਲ ਮੈਂ ਨਹੀਂ ਆ ਸਕਦਾ।

ਟੀਚਰ : ਕਿਉਂ?

ਰਾਹੁਲ : ਸਰ ਮੇਰੇ ਪਾਪਾ ਮੈਨੂੰ ਸੂਰਜ ਤੇ ਨਹੀਂ ਜਾਣ ਦੇਣਗੇ।

– ਪੂਜਾ

ਰਮੇਸ਼ : ਮਹੇਸ਼, ਇਹ ਫੋਰਡ ਕੀ ਹੈ?
ਮਹੇਸ਼ : ਭਾਈ ਗੱਡੀ ਹੈ।
ਰਮੇਸ਼ : ਤਾਂ ਫਿਰ ਆਕਸਫੋਰਡ ਕੀ ਹੈ?
ਮਹੇਸ਼ : ਸਿੰਪਲ ਹੈ ਭਾਈ! 'ਆਕਸ' ਦਾ ਮਤਲਬ ਬੈਲ ਅਤੇ 'ਫੋਰਡ' ਦਾ ਮਤਲਬ ਗੱਡੀ ਯਾਨਿ ਬੈਲਗੱਡੀ।

ਜੰਗਲ ਵਿੱਚ ਇੱਕ ਚੂਹਾ ਬਹੁਤ ਤੇਜ਼ੀ ਨਾਲ ਭੱਜਾ ਜਾ ਰਿਹਾ ਸੀ। ਹਿਰਨ ਨੇ ਉਸ ਨੂੰ ਰੋਕਿਆ।
ਹਿਰਨ : ਭਾਈ! ਐਨੀ ਛੇਤੀ ਕਿਥੇ ਭੱਜੇ ਜਾ ਰਹੇ ਹੋ?
ਚੂਹਾ : ਕਿਸੇ ਨੇ ਹਾਥੀ ਨੂੰ ਧੱਕਾ ਦੇ ਕੇ ਡੇਗ ਦਿੱਤਾ ਹੈ, ਪ੍ਰੰਤੂ ਸਾਰੇ ਮੇਰਾ ਨਾਮ ਲਗਾ ਰਹੇ ਹਨ।

ਭਿਖਾਰੀ : ਭਾਈ, ਇੱਕ ਰੁਪਿਆ ਦੇ ਦਿਉ, ਤਿੰਨ ਦਿਨਾਂ ਤੋਂ ਭੁੱਖਾ ਹਾਂ।
ਰਾਹਗੀਰ: ਤਿੰਨ ਦਿਨਾਂ ਤੋਂ ਭੁੱਖਾ ਹੈਂ ਤਾਂ ਇੱਕ ਰੁਪਏ ਦਾ ਕੀ ਕਰੇਂਗਾ?
ਭਿਖਾਰੀ : ਆਪਣਾ ਵਜਨ ਤੋਲਾਂਗਾ ਕਿੰਨਾ ਘੱਟਿਆ ਹੈ?

– ਸ਼ਾਮ ਬਿਲਦਾਨੀ

ਇੰਟਰਵਿਊ ਲੈਣ ਵਾਲੇ ਨੇ ਆਇਰਨ ਤੋਂ ਪੁੱਛਿਆ –
ਇਸ ਪੋਸਟ ਲਈ ਸਾਨੂੰ ਅਜਿਹਾ ਵਿਅਕਤੀ ਚਾਹੀਦਾ ਹੈ ਜੋ ਜ਼ਿੰਮੇਵਾਰ ਹੋਵੇ।
ਆਇਰਨ : ਜੀ ਸਰ! ਫਿਰ ਤਾਂ ਮੈਂ ਹੀ ਇਸ ਪੋਸਟ ਦਾ ਦਾਅਵੇਦਾਰ ਹਾਂ ਕਿਉਂਕਿ ਮੇਰੀ ਪਿਛਲੀ ਨੌਕਰੀ ਵਿੱਚ ਜੇਕਰ ਕੁੱਝ ਵੀ ਗਲਤ ਹੁੰਦਾ ਸੀ ਤਾਂ ਉਸ ਦਾ ਜ਼ਿੰਮੇਵਾਰ ਮੈਂ ਹੀ ਹੁੰਦਾ ਸੀ।


ਇੱਕ ਵਾਰ ਇੱਕ ਕੰਜੂਸ ਸੇਠ ਕਿਰਾਏ ਦੀ ਟੈਕਸੀ ਵਿੱਚ ਬੈਠਾ ਜਾ ਰਿਹਾ ਸੀ ਕਿ ਅਚਾਨਕ ਟੈਕਸੀ ਡ੍ਰਾਇਵਰ ਬੋਲਿਆ– ਸਾਹਿਬ! ਟੈਕਸੀ ਦੇ ਬ੍ਰੇਕ ਫੇਲ੍ਹ ਹੋ ਗਏ ਹਨ।

ਇਸ ਤੇ ਸੇਠ ਛੇਤੀ ਨਾਲ ਬੋਲਿਆ– ਅਰੇ! ਬ੍ਰੇਕ ਫੇਲ੍ਹ ਹੋ ਗਏ ਹਨ ਤਾਂ ਕੀ ਹੋਇਆ? ਪਹਿਲਾਂ ਛੇਤੀ ਨਾਲ ਤੂੰ ਟੈਕਸੀ ਦਾ ਮੀਟਰ ਤਾਂ ਬੰਦ ਕਰ ਭਾਈ।

– ਅਮਰਜੀਤ

ਬਾਲ ਕਹਾਣੀ : ਪ੍ਰਭਜੋਤ ਕੌਰ

# ਮਾਂ ਦੀ ਆਗਿਆ ਸਭ ਤੋਂ ਪਿਆਰੀ



ਉਸ ਸਮੇਂ ਲਾਰਡ ਕਰਜਨ ਕੋਲਕਾਤਾ ਦੇ ਗਵਰਨਰ ਸਨ ਅਤੇ ਆਸ਼ੁਤੋਸ਼ ਮੁਖਰਜੀ ਹਾਈਕੋਰਟ ਦੇ ਸਨਮਾਨਿਤ ਅਤੇ ਇਮਾਨਦਾਰ ਜੱਜ। ਲਾਰਡ ਕਰਜਨ ਮੁਖਰਜੀ ਦਾ ਬਹੁਤ ਸਨਮਾਨ ਕਰਦੇ ਸਨ। ਉਸ ਸਮੇਂ ਕਿਸੇ ਭਾਰਤੀ ਅਧਿਕਾਰੀ ਨੂੰ ਲੰਦਨ ਜਾਣ ਦਾ ਮੌਕਾ ਮਿਲਦਾ ਤਾਂ ਉਸਦੀ ਇੱਜ਼ਤ ਵੱਧ ਜਾਂਦੀ ਸੀ। ਮੁਖਰਜੀ ਜੀ ਵੀ ਲੰਦਨ ਜਾਣਾ ਚਾਹੁੰਦੇ ਸਨ ਲੇਕਿਨ ਸੰਕੋਚੀ ਸੁਭਾਅ ਦੇ ਕਾਰਣ ਕਦੇ ਇਹ ਇੱਛਾ ਪ੍ਰਗਟ ਨਹੀਂ ਕਰਦੇ ਸਨ। ਮਿੱਤਰਾਂ ਦੇ ਵਾਰ-ਵਾਰ ਕਹਿਣ ਤੇ ਉਹਨਾਂ ਨੇ ਲੰਦਨ ਜਾਣ ਦਾ ਮਨ ਬਣਾਇਆ। ਲਾਰਡ ਕਰਜਨ ਨੂੰ ਜਦ ਇਸ ਦਾ ਪਤਾ ਲੱਗਾ ਤਾਂ ਉਹਨਾਂ ਨੇ ਇੱਕ ਦਿਨ ਮੁਖਰਜੀ ਨੂੰ ਕਿਹਾ, 'ਮਿਸਟਰ ਮੁਖਰਜੀ ਤੁਹਾਨੂੰ ਖੁਸ਼ੀ ਹੋਵੇਗੀ ਕਿ ਇਸ ਵਾਰ ਲੰਦਨ ਜਾਣ ਵਾਲਿਆਂ ਦੀ ਸੂਚੀ ਵਿੱਚ ਤੁਹਾਡਾ ਨਾਮ ਸਭ ਤੋਂ ਉਪਰ ਹੋਵੇਗਾ।'

ਮੁਖਰਜੀ ਨੇ ਕਿਹਾ - 'ਧੰਨਵਾਦ, ਸਰ।'

ਮੁਖਰਜੀ ਜਦ ਸ਼ਾਮ ਨੂੰ ਘਰ ਆਏ ਤਾਂ ਉਹਨਾਂ ਨੇ ਆਪਣੀ ਮਾਂ ਨੂੰ ਇਹ ਗੱਲ ਦੱਸੀ। ਪਹਿਲਾਂ ਤਾਂ ਮਾਂ ਸ਼ਾਂਤ ਰਹੀ, ਫਿਰ ਬੋਲੀ - 'ਕਿਉਂ ਬੇਟਾ, ਮੇਰੇ ਕੋਲ ਰਹਿਣ ਵਿੱਚ ਤੈਨੂੰ ਦਿਕੱਤ ਹੋ ਰਹੀ ਹੈ ਜੋ ਤੂੰ ਮੈਨੂੰ ਇੱਕਲੀ ਛੱਡ ਕੇ ਲੰਦਨ ਜਾਣਾ ਚਾਹੁੰਦਾ ਹੈ? ਕੋਈ ਮਾਂ ਆਪਣੇ ਪੁੱਤਰ ਨੂੰ ਵਿਦੇਸ਼ ਜਾਣ ਦੀ ਆਗਿਆ ਨਹੀਂ ਦੇ ਸਕਦੀ। ਮੈਂ ਤੈਨੂੰ ਵਿਦੇਸ਼ ਨਹੀਂ ਜਾਣ ਦੇਵਾਂਗੀ।'

ਮਾਂ ਦੀ ਗੱਲ ਸੁਣ ਕੇ ਮੁਖਰਜੀ ਨੇ ਲੰਦਨ ਜਾਣ ਦਾ ਇਰਾਦਾ ਛੱਡ ਦਿੱਤਾ। ਦੂਸਰੇ ਦਿਨ ਉਹ ਸਿੱਧੇ ਲਾਰਡ ਕਰਜਨ ਦੇ ਕੋਲ ਪਹੁੰਚੇ ਅਤੇ ਕਿਹਾ - ''ਸਰ! ਮੈਂ ਲੰਦਨ ਨਹੀਂ ਜਾ ਸਕਦਾ।''

ਲਾਰਡ ਕਰਜਨ ਹੈਰਾਨ ਹੋ ਕੇ ਬੋਲੇ - 'ਆਖਿਰ ਕਿਉਂ? ਲੰਦਨ ਜਾਣਾ ਤਾਂ ਭਾਰਤੀ ਆਪਣਾ ਮਾਣ ਸਮਝਦੇ ਹਨ।'

ਮੁਖਰਜੀ ਨੇ ਕਿਹਾ - 'ਆਪ ਠੀਕ ਕਹਿ ਰਹੇ ਹੋ, ਲੇਕਿਨ ਮੇਰੀ ਮਾਂ ਦੀ ਇੱਛਾ ਹੈ। ਇਹ ਨਹੀਂ ਹੋ ਸਕਦਾ।'

ਲਾਰਡ ਕਰਜਨ ਨੇ ਕਿਹਾ -'ਪਰ ਤੁਹਾਡੀ ਮਾਂ ਦੀ ਇੱਛਾ ਤੁਹਾਨੂੰ ਨਹੀਂ ਰੋਕ ਸਕਦੀ, ਤੁਹਾਨੂੰ ਜਾਣਾ ਹੀ ਪਏਗਾ। ਆਪਣੀ ਮਾਂ ਨੂੰ ਜਾ ਕੇ ਕਹੋ ਕਿ ਇਹ ਲਾਰਡ ਕਰਜਨ ਦਾ ਆਦੇਸ਼ ਹੈ।'

ਮੁਖਰਜੀ ਲਾਰਡ ਕਰਜਨ ਦੇ ਰਵਈਏ ਤੇ ਤਿਲਮਿਲਾ ਗਏ। ਉਹਨਾਂ ਨੇ ਆਪਣੀ ਜੇਬ ਵਿੱਚੋਂ ਇੱਕ ਕਾਗਜ਼ ਕੱਢਿਆ ਅਤੇ ਉਸ ਤੇ ਕੁੱਝ ਲਿਖ ਕੇ ਲਾਰਡ ਨੂੰ ਦਿੰਦੇ ਹੋਏ ਕਿਹਾ, 'ਇਹ ਰਿਹਾ ਮੇਰਾ ਅਸਤੀਫਾ।' ਅਸਤੀਫੇ ਵਿੱਚ ਲਿਖਿਆ ਸੀ -'ਮੈਂ ਆਪਣੀ ਮਾਂ ਦੀ ਆਗਿਆ ਨੂੰ ਆਪ ਦੇ ਆਦੇਸ਼ ਤੋਂ ਉੱਚਾ ਮੰਨਦਾ ਹਾਂ। ਇਸ ਲਈ ਮੇਰਾ ਅਸਤੀਫਾ ਸਵੀਕਾਰ ਕਰੋ।' ਲਾਰਡ ਕਰਜਨ ਨੇ ਮੁਖਰਜੀ ਦਾ ਅਸਤੀਫਾ ਸਵੀਕਾਰ ਨਹੀਂ ਕੀਤਾ। ■

# ਸਾਧਾਰਨ ਗਿਆਨ ਪ੍ਰਸ਼ਨੋਤਰੀ

*(ਸਭ ਸਵਾਲਾਂ ਦੇ ਜੁਵਾਬ 'ਲਾ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)*

ਪ੍ਰਸ਼ਨ 1) ਇੰਦਰਧਨੁਸ਼ ਵਿਚ ਹਰੇ ਅਤੇ ਸੰਤਰੀ ਰੰਗ ਵਿਚਕਾਰ ਕਿਹੜਾ ਰੰਗ ਹੁੰਦਾ ਹੈ?

ਪ੍ਰਸ਼ਨ 2) ਵਰਣਾਂ ਦੇ ਸਮੂਹ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ 3) ਰਾਮਚਰਿਤਮਾਨਸ ਦੇ ਲੇਖਕ ਤੁਲਸੀਦਾਸ ਦਾ ਬਚਪਨ ਵਿਚ ਕੀ ਨਾਂ ਸੀ?

ਪ੍ਰਸ਼ਨ 4) ਕਿਹੜਾ ਸ਼ਹਿਰ 1947 ਅਤੇ 1953 ਵਿਚਕਾਰ ਪੰਜਾਬ ਦੀ ਰਾਜਧਾਨੀ ਸੀ?

ਪਸ਼ਨ 5) ਤ੍ਰਿਪੁਰਾ ਯੂਨੀਵਰਸਿਟੀ ਭਾਰਤੀ ਰਾਜ ਤ੍ਰਿਪੁਰਾ ਦੇ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 6) ਦਿੱਲੀ ਵਿਚ ਹੋਣ ਵਾਲੀ ਸਾਲਾਨਾ ਗਣਤੰਤਰ ਪਰੇਡ ਕਿਸ ਜਗ੍ਹਾ ਤੇ ਖਤਮ ਹੁੰਦੀ ਹੈ?

ਪ੍ਰਸ਼ਨ 7) ਮੱਧ ਪ੍ਰਦੇਸ਼ ਦਾ ਸਿੰਗਰੌਲੀ ਸ਼ਹਿਰ ਕਿਸ ਖਿਨਜ ਦੇ ਉਤਪਾਦਨ ਲਈ ਮਸ਼ਹੂਰ ਹੈ?

ਪ੍ਰਸ਼ਨ 8) ਤਿੰਨ ਵਾਰ ਰਾਜ ਸਭਾ ਦੀ ਉਪ-ਸਭਾਪਤੀ ਬਣਨ ਵਾਲੀ ਪਹਿਲੀ ਭਾਰਤੀ ਮਹਿਲਾ ਕੌਣ ਹੈ?

ਪ੍ਰਸ਼ਨ 9) ਲਛਮਣ ਦੀ ਪਤਨੀ ਦਾ ਕੀ ਨਾਂ ਸੀ?

ਪ੍ਰਸ਼ਨ 10) ਦੱਖਣੀ ਅਫਰੀਕਾ ਦੇ ਪਹਿਲੇ ਕਾਲੇ ਰਾਸ਼ਟਰਪਤੀ ਕੌਣ ਸਨ?

ਪ੍ਰਸ਼ਨ 11) ਫਿਲੀਪਿਨਜ਼ ਦੇਸ਼ ਦੀ ਰਾਜਧਾਨੀ ਕਿਹੜੀ ਹੈ?

ਪ੍ਰਸ਼ਨ 12) ਕਿਹੜਾ ਦੱਰਾ ਸਿਕੱਮ ਨੂੰ ਤਿਬੱਤ ਨਾਲ ਜੋੜਦਾ ਹੈ?

ਪਸ਼ਨ 13) ਰਾਜਾ ਜਨਕ ਦੀ ਨਗਰੀ ਦਾ ਕੀ ਨਾਂ ਸੀ?

ਪ੍ਰਸ਼ਨ 14) ਇੰਦਰਾ ਗਾਂਧੀ ਦੀ ਮਾਤਾ ਦਾ ਕੀ ਨਾਂ ਸੀ?

ਪ੍ਰਸ਼ਨ 15) ਕਿਸ ਰੰਗ ਦੇ ਕਪੜੇ ਜ਼ਿਆਦਾ ਗਰਮੀ ਗ੍ਰਹਿਣ ਕਰਦੇ ਹਨ?

ਪੇਸ਼ਕਸ਼: ਵਿਕਾਸ ਅਰੋੜਾ

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ
– ਅਜੈ ਕਾਲਰਾ







ਮੈਂ ਤਾਂ ਬਾਹਰ ਚਲੀ। ਮੈਨੂੰ ਤਾਂ ਬਹੁਤ ਗਰਮੀ ਲਗ ਰਹੀ ਹੈ। ਬਾਏ, ਮੈਂ ਜਾ ਰਹੀ ਹਾਂ।
ਕਿਉਂ ਨਾ ਮੈਂ ਕਿਸੇ ਸਵਿਮਿੰਗ ਪੂਲ ਦੇ ਕੋਲ ਜਾਵਾਂ? ਉਥੇ ਪਾਣੀ ਵੀ ਹੋਵੇਗਾ ਅਤੇ ਠੰਡਕ ਵੀ।
ਅਰੇ! ਇਥੇ ਤਾਂ ਬਹੁਤ ਚੰਗਾ ਲੱਗ ਰਿਹਾ ਹੈ ਕਿਉਂ ਨਾ ਮੈਂ ਮੋਟੂ, ਮੋਲੀ ਅਤੇ ਚਿੰਟੂ ਨੂੰ ਵੀ ਇਥੇ ਬੁਲਾ ਲਵਾਂ? ਮੈਂ ਹੁਣੇ ਫੋਨ ਕਰਦੀ ਹਾਂ।


ਕੀ ਤੁਸੀਂ ਲੋਕ ਵੀ ਸਵਿਮਿੰਗ ਪੂਲ ਦੇ ਕੋਲ ਆਉਣਾ ਚਾਹੋਗੇ। ਇਥੇ ਬੜੀ ਠੰਡਕ ਹੈ।
ਹਾਂ! ਅਸੀਂ ਲੋਕ ਵੀ ਉਥੇ ਆਉਂਦੇ ਹਾਂ। ਅਸੀਂ ਸਾਰੇ ਮਿਲ ਕੇ ਬਹੁਤ ਮਜ਼ਾ ਕਰਾਂਗੇ ਅਤੇ ਗਰਮੀ ਦਾ ਪੂਰਾ ਲੁਤਫ ਉਠਾਵਾਂਗੇ।
ਕਿੱਟੀ! ਅਸੀਂ ਸਾਰੇ ਆ ਗਏ।
ਅਰੇ! ਇਥੇ ਤਾਂ ਸੱਚ ਵਿੱਚ ਬਹੁਤ ਵਧੀਆ ਲੱਗ ਰਿਹਾ ਹੈ।
ਕਿਉਂ ਨਾ ਅਸੀਂ ਸਾਰੇ ਮਿਲ ਕੇ ਬੌਲ ਖੇਡੀਏ?
ਹਾਂ! ਹਾਂ! ਕਿਉਂ ਨਹੀਂ!


ਅਰੇ! ਬੌਲ ਤਾਂ ਪਾਣੀ ਵਿੱਚ ਗਈ। ਹੁਣ ਕਿਵੇਂ ਨਿਕਲੇਗੀ?
ਅਰੇ! ਇਸ ਵਿੱਚ ਪ੍ਰੇਸ਼ਾਨ ਹੋਣ ਵਾਲੀ ਕਿਹੜੀ ਗੱਲ ਹੈ। ਮੈਨੂੰ ਸਵਿਮਿੰਗ ਆਉਂਦੀ ਹੈ। ਮੈਂ ਕੱਢ ਸਕਦੀ ਹਾਂ।
ਇਹ ਲਉ ਬੌਲ ਆ ਗਈ।
ਅਰੇ ਵਾਹ! ਕਿੱਟੀ ਤੂੰ ਤਾਂ ਬਹੁਤ ਹੁਸ਼ਿਆਰ ਹੋ।
ਇਸ ਵਿੱਚ ਹੁਸ਼ਿਆਰੀ ਵਾਲੀ ਕੀ ਗੱਲ ਹੈ। ਸਾਨੂੰ ਸਮਾਂ ਰਹਿੰਦੇ ਸਾਰੇ ਕੰਮ ਆਉਣੇ ਚਾਹੀਦੇ ਹਨ। ਸਾਨੂੰ ਕਦੇ ਵੀ ਕਿਸੇ ਵੀ ਕੰਮ ਦੀ ਲੋੜ ਪੈ ਸਕਦੀ ਹੈ।
ਕੀ ਤੁਸੀਂ ਕੋਲਡਡ੍ਰਿੰਕ ਪੀਓਗੇ?
ਹਾਂ! ਹਾਂ! ਕਿਉਂ ਨਹੀਂ?
ਹੁਣ ਅਸੀਂ ਵੀ ਸਵਿਮਿੰਗ ਸਿਖਾਂਗੇ।
ਕਿੱਟੀ! ਅੱਜ ਤਾਂ ਸੱਚ ਵਿੱਚ ਬਹੁਤ ਮਜ਼ਾ ਆ ਗਿਆ। ਅਸੀਂ ਸਾਰੇ ਗਰਮੀ ਦੇ ਦਿਨਾਂ ਵਿੱਚ ਵੀ ਐਨਾ ਮਜ਼ਾ ਕਰ ਸਕਦੇ ਹਾਂ, ਇਹ ਕਦੇ ਸੋਚਿਆ ਨਹੀਂ ਸੀ।

ਗੀਤ : ਅੰਮ੍ਰਿਤ ਹਰਮਨ

# ਸਾਫ਼ ਪਾਣੀ, ਸਾਫ਼ ਮਨ




ਪਾਣੀ ਹੋਵੇਗਾ ਤਾਂ ਜੀਵਨ ਹੋਵੇਗਾ,
ਗੱਲ ਸਭ ਨੇ ਜਾਣੀ।
ਬਾਕੀ ਗ੍ਰਹਿਆਂ ਤੇ ਵੀ ਹੁਣ ਪਾਣੀ ਨੂੰ,
ਲੱਭ ਰਿਹਾ ਹੈ ਪ੍ਰਾਣੀ।
ਬੇਸ਼ਕ ਕੀਮਤ ਨਹੀਂ ਲਈ ਪ੍ਰਭੂ ਨੇ,
ਪਰ ਨਾ ਕਰੀਏ ਮਨਮਾਨੀ।
ਪਾਣੀ ਦੀ ਕੀਮਤ ਨੂੰ ਸਮਝੀਏ,
ਹੁਣ ਨਾ ਕਰੀਏ ਨਾਦਾਨੀ।

ਈਸ਼ਵਰ ਦੀ ਅਨਮੋਲ ਦੇਣ ਹੈ,
ਇਸ ਦਾ ਰੱਖਣਾ ਹੈ ਅਹਿਸਾਸ।
ਪਾਣੀ ਹੈ ਤਾਂ ਹੀ ਕੱਲ ਹੈ,
ਇਸ ਦੀ ਸਫ਼ਾਈ ਦਾ ਧਿਆਨ ਰਹੇ ਖਾਸ।
ਸਾਰੇ ਮਿਲ ਕੇ ਜਦ ਠਾਣ ਲੈਣਗੇ,
ਤਾਂ ਪ੍ਰਦੂਸ਼ਣ ਦਾ ਹੋਵੇਗਾ ਨਾਸ਼।
ਸਫ਼ਾਈ ਦਾ ਜਿਥੇ ਵਾਸ ਹੈ,
ਈਸ਼ਵਰ ਦਾ ਹੈ ਉਥੇ ਨਿਵਾਸ।

ਆਉ ਮਿਲ ਕੇ ਸਾਰੇ ਪ੍ਰਾਣੀ,
ਮਨ ਅੰਦਰ ਇਹ ਮੱਤਾ ਪਕਾਈਏ।
ਪਾਣੀ ਦੇ ਸਰੋਤਾਂ ਅਤੇ ਨਦੀਆਂ ਨੂੰ,
ਗੰਦਗੀ ਤੋਂ ਬਚਾਈਏ।
ਇਸ ਧਰਤੀ ਦਾ ਕਰਜ ਚੁਕਾਈਏ,
ਫਰਜ਼ਾਂ ਨੂੰ ਵੀ ਅਸੀ ਨਿਭਾਈਏ।
ਅੰਦਰ ਦਾ ਹੋਵੇ ਜਾਂ ਬਾਹਰ ਦਾ,
ਪ੍ਰਦੂਸ਼ਣ ਸਾਰਾ ਹੀ ਮਿਟਾਈਏ।





ਬੋਧ ਕਥਾ : ਰਾਜਿੰਦਰ ਪਰਦੇਸੀ

# ਤਿੰਨ ਗੱਲਾਂ

ਬਹੁਤ ਸਮਾਂ ਪਹਿਲਾਂ ਰਾਮਨਗਰ ਵਿੱਚ ਇੱਕ ਸੇਠ ਰਹਿੰਦਾ ਸੀ। ਉਸ ਦਾ ਨਾਮ ਰਾਮਕ੍ਰਿਪਾਲ ਸੀ। ਸੇਠ ਰਾਮਕ੍ਰਿਪਾਲ ਨੇ ਆਪਣੀ ਕਾਰਜਕੁਸ਼ਲਤਾ ਅਤੇ ਬੁੱਧੀਮਾਨੀ ਨਾਲ ਕਾਫੀ ਧਨ ਇੱਕਠਾ ਕੀਤਾ ਪਰ ਉਸ ਦਾ ਲੜਕਾ ਬਾਲਕਰਾਮ ਆਪਣੇ ਪਿਤਾ ਦੇ ਵਿਉਪਾਰ ਵਿੱਚ ਬਿਲਕੁਲ ਰੁਚੀ ਨਹੀਂ ਲੈਂਦਾ ਸੀ। ਜਿਸ ਦੇ ਕਾਰਣ ਵਿਉਪਾਰ ਦੇ ਗੂੜੇ ਭੇਤਾਂ ਨੂੰ ਉਹ ਸਮਝ ਨਹੀਂ ਸਕਿਆ ਸੀ। ਇਸ ਲਈ ਸੇਠ ਰਾਮਕ੍ਰਿਪਾਲ ਬਹੁਤ ਚਿੰਤਿਤ ਰਹਿੰਦਾ ਸੀ ਕਿ ਉਸ ਦੇ ਮਰਨ ਦੇ ਬਾਦ ਵਿਉਪਾਰ ਦਾ ਕੀ ਹੋਵੇਗਾ।

ਇੱਕ ਵਾਰ ਸੇਠ ਰਾਮਕ੍ਰਿਪਾਲ ਬਹੁਤ ਬੀਮਾਰ ਹੋਇਆ ਤਾਂ ਉਸ ਨੇ ਮਹਿਸੂਸ ਕੀਤਾ ਕਿ ਹੁਣ ਉਸ ਦਾ ਬਚਣਾ ਮੁਸ਼ਕਿਲ ਹੈ ਤਾਂ ਆਪਣੇ ਬੇਟੇ ਬਾਲਕਰਾਮ ਨੂੰ ਕੋਲ ਬੁਲਾ ਕੇ ਕਿਹਾ - ਬੇਟਾ! ਮੈਂ ਜੋ ਵੀ ਧਨ ਕਮਾਇਆ ਹੈ, ਉਹ ਸਭ ਤੇਰਾ ਹੈ, ਇਸ ਨੂੰ ਸੰਭਾਲ ਕੇ ਰੱਖੋਗੇ ਤਾਂ ਹਮੇਸ਼ਾਂ ਸੁਖੀ ਰਹੋਗੇ।


ਪਿਤਾ ਦੀ ਗੱਲ ਸੁਣ ਕੇ ਬਾਲਕਰਾਮ ਬੋਲਿਆ- ਇਸ ਦੇ ਲਈ ਮੈਨੂੰ ਕੀ ਕਰਨਾ ਪਏਗਾ?

ਸੇਠ ਰਾਮਕ੍ਰਿਪਾਲ ਨੇ ਕਿਹਾ - ਬੇਟਾ ਮੇਰੀਆਂ ਤਿੰਨ ਗੱਲਾਂ ਜੇਕਰ ਤੂੰ ਮੰਨੇਗਾ ਤਾਂ ਤੈਨੂੰ ਵਿਉਪਾਰ ਵਿੱਚ ਕਦੇ ਨੁਕਸਾਨ ਨਹੀਂ ਹੋਵੇਗਾ ਅਤੇ ਤੇਰਾ ਧਨ ਵੀ ਵਧਦਾ ਰਹੇਗਾ।

ਉਹ ਕਿਹੜੀਆਂ ਗੱਲਾਂ ਹਨ- ਬਾਲਕਰਾਮ ਬੋਲਿਆ - ਇਸ ਦੇ ਲਈ ਮੈਨੂੰ ਕੀ ਕਰਨਾ ਪਏਗਾ?

ਸੇਠ ਰਾਮਕ੍ਰਿਪਾਲ ਨੇ ਦੱਸਿਆ - ਪਹਿਲੀ ਗੱਲ ਇਹ ਹੈ ਕਿ ਵਿਉਪਾਰ ਲਈ ਹਮੇਸ਼ਾਂ ਛਾਂ ਵਿੱਚ ਜਾਣਾ ਅਤੇ ਛਾਂ ਵਿੱਚ ਹੀ ਆਉਣਾ। ਦੂਸਰੀ ਗੱਲ ਇਹ ਹੈ ਕਿ ਮਿੱਠਾ ਹੀ ਖਾਣਾ। ਤੀਸਰੀ ਗੱਲ ਅਤੇ ਆਖਰੀ ਸਲਾਹ ਇਹ ਹੈ ਕਿ ਕਿਸੇ ਨੂੰ ਕੁੱਝ ਦੇ ਕੇ ਮੰਗਣਾ ਨਹੀਂ। ਐਨਾ ਕਹਿ ਕੇ ਸੇਠ ਰਾਮਕ੍ਰਿਪਾਲ ਪਰਲੋਕ ਸਿਧਾਰ ਗਏ।

ਜਦ ਪਿਤਾ ਦਾ ਕ੍ਰਿਆਕਰਮ ਹੋ ਗਿਆ ਤਾਂ ਇੱਕ ਦਿਨ ਬਾਲਕਰਾਮ ਨੇ ਆਪਣੇ ਨੌਕਰ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਘਰ ਤੋਂ ਦੁਕਾਨ ਤਕ ਦਾ ਰਾਹ ਟੀਨ ਦੀਆਂ ਚਾਦਰਾਂ ਨਾਲ ਢੱਕ ਦਿੱਤਾ ਜਾਵੇ ਜਿਸ ਨਾਲ ਛਾਂ ਵਿੱਚ ਆਈਏ-ਜਾਈਏ। ਨੌਕਰ ਨੇ ਬਾਲਕਰਾਮ ਦੇ ਹੁਕਮ ਦੀ ਤੁਰੰਤ



ਪਾਲਣਾ ਕੀਤੀ ਅਤੇ ਰਾਹ ਨੂੰ ਢੱਕ ਦਿੱਤਾ।

ਹੁਣ ਬਾਲਕਰਾਮ ਉਸੇ ਟੀਨ ਦੀ ਛਾਂ ਹੇਠ ਘਰ ਤੋਂ ਦੁਕਾਨ ਤਕ ਆਉਣ-ਜਾਣ ਲੱਗਾ, ਉਹ ਖਾਣੇ ਵਿੱਚ ਮਹਿੰਗੀ ਤੋਂ ਮਹਿੰਗੀ ਮਿਠਾਈਆਂ ਲੈਂਦਾ, ਵਿਉਪਾਰ ਵਿੱਚ ਜਿੰਨ੍ਹਾਂ ਨੂੰ ਸਮਾਨ ਉਧਾਰ ਦਿੰਦਾ, ਉਹਨਾਂ ਤੋਂ ਪੈਸੇ ਮੰਗਣ ਨਾ ਜਾਂਦਾ। ਇਸ ਕਾਰਣ ਕੁੱਝ ਦਿਨਾਂ ਵਿੱਚ ਹੀ ਉਸ ਦੀ ਆਰਥਿਕ ਹਾਲਤ ਬਹੁਤ ਖਰਾਬ ਹੋ ਗਈ, ਜ਼ਿਆਦਾ ਮਿਠਾਈਆਂ ਖਾਣ ਨਾਲ ਪੇਟ ਵੀ ਗੜਬੜ ਰਹਿਣ ਲੱਗਾ, ਸਿਹਤ ਠੀਕ ਨਾ ਰਹਿੰਦੀ। ਨੌਬਤ ਇਥੋਂ ਤਕ ਆ ਗਈ ਕਿ ਪਿਤਾ ਰਾਹੀਂ ਇੱਕਠਾ ਕੀਤਾ ਸਾਰਾ ਧਨ ਬਾਲਕਰਾਮ ਗਵਾ ਬੈਠਾ।

ਇੱਕ ਦਿਨ ਬਾਲਕਰਾਮ ਆਪਣੇ ਘਰ ਦੇ ਸਾਹਮਣੇ ਉਦਾਸ ਬੈਠਾ ਸੀ, ਇੱਕ ਸੰਤ-ਮਹਾਤਮਾ ਉਧਰੋਂ ਨਿਕਲੇ। ਮਹਾਤਮਾ ਨੇ ਉਸ ਨੂੰ ਉਦਾਸ ਵੇਖ ਕੇ ਪੁੱਛਿਆ – ਤੂੰ ਐਨਾ ਉਦਾਸ ਕਿਉਂ ਹੈ? ਦੱਸ ਸ਼ਾਇਦ ਮੈਂ ਤੇਰੀ ਕੁੱਝ ਮਦਦ ਕਰ ਸਕਾਂ।

ਮਹਾਤਮਾ ਦੇ ਹਮਦਰਦੀ ਭਰੇ ਸ਼ਬਦ ਸੁਣ ਕੇ ਬਾਲਕਰਾਮ ਬੋਲਿਆ – ਮੇਰੇ ਪਿਤਾ ਨੇ ਮਰਦੇ ਸਮੇਂ ਤਿੰਨ ਸਲਾਹਵਾਂ ਦਿੱਤੀਆਂ ਸਨ। ਪਹਿਲੀ ਸਲਾਹ ਸੀ ਕਿ ਛਾਂ ਵਿੱਚ ਜਾਣਾ ਅਤੇ ਛਾਂ ਵਿੱਚ ਹੀ ਆਉਣਾ, ਦੂਸਰੀ ਸਲਾਹ ਸੀ ਕਿ ਹਮੇਸ਼ਾਂ ਮਿੱਠਾ ਹੀ ਖਾਣਾ ਅਤੇ ਆਖਰੀ ਸਲਾਹ ਸੀ ਕਿ ਕਿਸੇ ਨੂੰ ਕੁੱਝ ਦੇ ਕੇ ਮੰਗਣਾ ਨਹੀਂ। ਮੈਂ ਉਹਨਾਂ ਦੀ ਸਲਾਹ ਤੇ ਚੱਲ ਕੇ ਇਸ ਹਾਲਤ ਵਿੱਚ ਪਹੁੰਚ ਗਿਆ ਹਾਂ ਕਿ ਅੱਜ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਖਾਣ ਦੇ ਲਾਲੇ ਪਏ ਹੋਏ ਹਨ, ਪਾਉਣ ਲਈ ਕੱਪੜੇ ਵੀ ਨਹੀਂ ਹਨ।

ਬਾਲਕਰਾਮ ਦੀਆਂ ਗੱਲਾਂ ਸੁਣ ਕੇ ਮਹਾਤਮਾ ਜ਼ੋਰ ਨਾਲ ਹੱਸਿਆ ਅਤੇ ਬੋਲਿਆ – ਨਾਦਾਨ! ਤੂੰ ਆਪਣੇ ਪਿਤਾ ਦੀਆਂ ਗੱਲਾਂ ਦਾ ਬਹੁਤ ਚੰਗਾ ਅਰਥ ਕੱਢਿਆ।

ਮਹਾਤਮਾ ਦਾ ਇਹ ਵਿਅੰਗ ਬਾਲਕਰਾਮ ਨੂੰ ਚੰਗਾ ਨਹੀਂ ਲੱਗਾ। ਉਸ ਨੇ ਮਨ ਵਿੱਚ ਸੋਚਿਆ ਕਿ ਇਹ ਕਿਹੋ ਜਿਹਾ ਸੰਤ-ਮਹਾਤਮਾ ਹੈ ਜੋ ਦੂਸਰਿਆਂ ਦੀ ਪੀੜਾ ਘੱਟ ਕਰਨ ਦਾ ਉਪਾਅ ਦੱਸਣ ਦੀ ਬਜਾਏ ਉਸ ਦਾ ਮਖੌਲ ਉਡਾ ਰਿਹਾ ਹੈ। ਫਿਰ ਵੀ ਖੁਦ ਤੇ ਕਾਬੂ ਰੱਖ ਕੇ ਪੁੱਛਿਆ- ਮੇਰੇ ਪਿਤਾ ਜੀ ਦੀਆਂ ਗੱਲਾਂ ਦਾ ਹੋਰ ਕੀ ਅਰਥ ਸੀ?

ਮਹਾਤਮਾ ਬੋਲਿਆ – ਤੇਰੇ ਪਿਤਾ ਜੀ ਨੇ ਛਾਂ ਵਿੱਚ ਚੱਲਣ ਦੀ ਸਲਾਹ ਦਿੱਤੀ ਸੀ। ਇਸ ਦਾ ਅਰਥ ਹੈ ਕਿ ਆਪਣੀ ਦੁਕਾਨ ਤੇ ਸਵੇਰੇ ਹੀ ਚਲੇ ਜਾਣਾ ਅਤੇ ਸ਼ਾਮ ਹੋਣ ਤੇ ਹੀ ਵਾਪਸ ਆਉਣਾ। ਹਮੇਸ਼ਾ ਮਿੱਠਾ ਖਾਣ ਦਾ ਅਰਥ ਹੈ ਕਿ ਸਦਾ ਸੰਤੋਖਰੂਪੀ ਮਿੱਠਾ ਫਲ ਹੀ ਖਾਣਾ, ਕਿਸੇ ਨੂੰ ਦੇ ਕੇ ਮੰਗਣ ਨਾ ਜਾਣ ਦਾ ਅਰਥ ਹੈ ਕਿ ਵਿਉਪਾਰ ਵਿੱਚ ਕਿਸੇ ਨੂੰ ਉਧਾਰ ਵੀ ਦੇਣਾ ਤਾਂ ਉਸ ਦੇ ਬਦਲੇ ਉਸ ਦੀ ਕੋਈ ਚੀਜ਼ ਗਹਿਣੇ ਜ਼ਰੂਰ ਰੱਖ ਲੈਣਾ, ਜਿਸ ਨਾਲ ਤੈਨੂੰ ਪੈਸਾ ਵਾਪਸ ਮੰਗਣ ਨਹੀਂ ਜਾਣਾ ਪਏ ਬਲਕਿ ਉਧਾਰ ਲੈਣ ਵਾਲਾ ਖੁਦ ਹੀ ਆਪਣੀਆਂ ਚੀਜ਼ਾਂ ਛੁਡਾਉਣ ਲਈ ਤੇਰੇ ਕੋਲ ਆਏ। ਐਨਾ ਕਹਿ ਕੇ ਮਹਾਤਮਾ ਬੋਲਿਆ – ਜੇਕਰ ਤੂੰ ਆਪਣੇ ਪਿਤਾ ਦੀਆਂ ਗੱਲਾਂ ਦਾ ਸਹੀ ਅਰਥ ਲਗਾਉਂਦਾ ਤਾਂ ਕਦੇ ਵੀ ਇਹ ਦਿਨ ਨਾ ਵੇਖਣੇ ਪੈਂਦੇ।

ਹੁਣ ਬਾਲਕਰਾਮ ਨੇ ਆਪਣੇ ਪਿਤਾ ਦੀਆਂ ਗੱਲਾਂ ਦਾ ਗੂੜ-ਭੇਤ ਸਮਝ ਲਿਆ ਸੀ। ਫਿਰ ਉਹ ਉਸ ਤੇ ਚੱਲਣ ਲੱਗਾ। ਕੁੱਝ ਹੀ ਦਿਨਾਂ ਵਿੱਚ ਉਸ ਦਾ ਵਿਉਪਾਰ ਚੱਲਣ ਲਗਾ ਅਤੇ ਹੌਲੀ-ਹੌਲੀ ਉਹ ਆਪਣੇ ਪਿਤਾ ਦੀ ਤਰ੍ਹਾਂ ਫਿਰ ਤੋਂ ਧਨਵਾਨ ਬਣ ਗਿਆ। ■



# ਕੀ ਤੁਸੀਂ ਜਾਣਦੇ ਹੋ

- ਸੰਸਾਰ ਦੀ ਪਹਿਲੀ ਮਹਿਲਾ ਪ੍ਰਧਾਨਮੰਤਰੀ ਸ਼੍ਰੀਲੰਕਾ ਦੀ ਸੀਰੀਮਾਵੋ ਮੰਡਾਰਨਾਯਕੇ ਸੀ।
- ਚੀਨ ਦੀ ਦੀਵਾਰ ਨੂੰ ਮਜ਼ਬੂਤ ਬਣਾਉਣ ਲਈ ਇੱਟਾਂ ਵਿੱਚ ਚਾਵਲ ਦਾ ਆਟਾ ਇਸਤੇਮਾਲ ਕੀਤਾ ਗਿਆ ਸੀ।
- ਹਾਥੀ ਇੱਕਮਾਤਰ ਅਜਿਹਾ ਜਾਨਵਰ ਹੈ ਜੋ ਕੁੱਦ ਨਹੀਂ ਸਕਦਾ।
- ਹਰ ਪਲ ਸੂਰਜ ਦੇ ਗਰਭ ਤੋਂ ਨਿਕਲਣ ਵਾਲੀ ਊਰਜਾ ਸੌ ਅਰਬ ਪ੍ਰਮਾਣੂ ਬੰਬਾਂ ਦੇ ਬਰਾਬਰ ਹੁੰਦੀ ਹੈ।
- ਘੋਂਗੇ ਦੇ 2500 ਦੰਦ ਤਕ ਉਗ ਸਕਦੇ ਹਨ।
- ਜਿਰਾਫ ਹਰ ਰੋਜ਼ ਅੱਧੇ ਘੰਟੇ ਦੀ ਨੀਂਦ ਲੈਂਦੇ ਹਨ।
- ਪਾਣੀ ਦੀ ਡੂੰਘਾਈ ਤਕ ਡੁਬਕੀ ਲਗਾਉਣ ਲਈ ਮਗਰਮੱਛ ਪੱਥਰ ਨਿਗਲ ਲੈਂਦੇ ਹਨ।
- ਰੇਡੀਓ ਨੂੰ ਪੰਜ ਕਰੋੜ ਲੋਕਾਂ ਤਕ ਪਹੁੰਚਾਉਣ ਵਿੱਚ 38 ਸਾਲ ਲੱਗੇ। ਇੰਟਰਨੈਟ ਕੇਵਲ ਚਾਰ ਸਾਲਾਂ ਵਿੱਚ ਹੀ ਪੰਜ ਕਰੋੜ ਲੋਕਾਂ ਤਕ ਪਹੁੰਚ ਗਿਆ।
- ਭਾਰਤ ਦੇ ਸੁੱਪਰ ਕੰਪਿਊਟਰ ਦਾ ਨਾਮ 'ਪਰਮ' ਹੈ।
- ਪ੍ਰਾਚੀਨ ਯੂਨਾਨ ਵਿੱਚ ਅਪੋਲੋ ਨੂੰ ਸੂਰਜ ਦਾ ਦੇਵਤਾ ਵੀ ਕਿਹਾ ਜਾਂਦਾ ਸੀ।
- ਯੂਨਿਸੇਫ ਦਾ ਮੁੱਖ ਦਫ਼ਤਰ ਨਿਊਯਾਰਕ ਵਿੱਚ ਹੈ।
- ਰੇਫਲੇਸਿਆ ਦੇ ਫੁੱਲ ਦੀ ਰੋਚਕ ਗੱਲ ਇਹ ਹੈ ਕਿ ਇਸ ਦੀ ਕਲੀ ਫੁੱਲ ਬਣਨ ਤੋਂ ਪਹਿਲਾਂ ਇੱਕ ਵੱਡੇ ਪੱਤਾਗੋਭੀ ਦੇ ਆਕਾਰ ਵਿੱਚ ਵਧਦੀ ਹੈ। ਇਸ ਦੇ ਫੁੱਲ ਵਰਖਾ ਦੇ ਮੌਸਮ ਵਿੱਚ ਰਾਤ ਦੇ ਸਮੇਂ ਖਿੜਦੇ ਹਨ।
- ਪੇਂਗਵਿਨ ਅੰਟਾਕਰਟਿਕ ਸਾਗਰ ਵਿੱਚ 870 ਫੁੱਟ ਦੀ ਗਹਿਰਾਈ ਤਕ ਪਹੰਚ ਕੇ 18 ਮਿੰਟ ਤਕ ਡੁੱਬਿਆ ਰਹਿ ਸਕਦਾ ਹੈ।
- ਮਾਨਵ ਦੰਦ ਚਟਾਨ ਜਿੰਨੇ ਕਠੋਰ ਹੁੰਦੇ ਹਨ।
- ਕੁੱਝ ਕੀੜੇ ਭੋਜਨ ਨਾ ਮਿਲਣ ਤੇ ਖੁਦ ਦੇ ਅੰਗ ਹੀ ਖਾ ਜਾਂਦੇ ਹਨ।

ਸੰਗ੍ਰਿਹਕਰਤਾ – ਵਿਕਾਸ ਕੁਮਾਰ

ਕਵਿਤਾ : ਹਰਜੀਤ ਨਿਰੰਕਾਰੀ



# ਪਿਆਰੇ ਬੱਚੇ

ਨੰਨੇ-ਮੁੰਨੇ ਪਿਆਰੇ ਬੱਚੇ,
ਦਿਲ ਦੇ ਭੋਲੇ-ਭਾਲੇ ਬੱਚੇ।
ਜਿਧਰ ਚਲਾਉ ਚਲਦੇ ਜਾਂਦੇ,
ਹਨ ਇਹ ਲਾਲ-ਦੁਲਾਰੇ ਬੱਚੇ।

ਬੱਚੇ ਹੁੰਦੇ ਮਨ ਦੇ ਸੱਚੇ,
ਜਿਉਂ ਮਿੱਟੀ ਦੇ ਭਾਂਡੇ ਕੱਚੇ।
ਢਲ ਕੇ ਸੁੰਦਰ ਰੂਪ ਨਿਖਰਦਾ,
ਹਨ ਸਾਰੇ ਹੀ ਪਿਆਰੇ ਬੱਚੇ।

ਹਰ ਦਿਸ਼ਾ ਵਿੱਚ ਪ੍ਰਭੂ ਰਹਿੰਦਾ ਹੈ,
ਕਦੇ ਨਾ ਸੀਮਾ ਵਿੱਚ ਜੋ ਬੱਝਦਾ ਹੈ।
ਵੇਖ ਕੇ ਸਭ ਵਿੱਚ ਪ੍ਰਭੂ ਦੀ ਸੂਰਤ,
ਚੰਗੇ ਬਣਦੇ ਜਾਂਦੇ ਬੱਚੇ।

ਮਾਤਾ-ਪਿਤਾ, ਗੁਰੂ ਦਾ ਸਨਮਾਨ,
ਕਰਕੇ ਬਣਨਾ ਨੇਕ ਮਹਾਨ।
ਹੋਵੇਗੀ ਜੱਗ ਵਿੱਚ ਉੱਚੀ ਸ਼ਾਨ,
ਸਭ ਦੇ ਬਣਨ ਸਹਾਰੇ ਬੱਚੇ।



# ਸਟੇਥੋਸਕੋਪ ਦਾ ਜਨਮ

**ਵਿਗਿਆਨ ਕਥਾ : ਪ੍ਰਿਤਪਾਲ ਸਾਦਿਕ**

ਸੇਠ ਅਮੀਰਚੰਦ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਅਧਿਆਪਕ ਵਿਜਯਸੈਨ ਦੇ ਹਵਾਲੇ ਕਰਦੇ ਹੋਏ ਕਿਹਾ ਕਿ ਆਪ ਵਿਗਿਆਨ ਦੇ ਮਾਹਿਰ ਅਧਿਆਪਕ ਹੋ, ਮੇਰੇ ਇਹਨਾਂ ਲੜਕਿਆਂ ਦੇ ਅੰਦਰ ਵਿਗਿਆਨ ਦੇ ਪ੍ਰਤੀ ਬਿਲਕੁਲ ਵੀ ਰੁਚੀ ਨਹੀਂ ਹੈ। ਆਪ ਇਹਨਾਂ ਦੇ ਅੰਦਰ ਕਿਸੇ ਤਰ੍ਹਾਂ ਰੁਚੀ ਜਗਾਈਏ।

''ਆਪ ਬੇਫਿਕਰ ਰਹੋ।'' ਅਧਿਆਪਕ ਵਿਜਯਸੈਨ ਨੇ ਭਰੋਸਾ ਦਿੱਤਾ।

ਦੂਸਰੇ ਦਿਨ ਸੇਠ ਜੀ ਦੇ ਤਿੰਨਾਂ ਪੁੱਤਰਾਂ ਨੂੰ ਲੈ ਕੇ ਅਧਿਆਪਕ ਵਿਜਯਸੇਨ ਬਗੀਚੇ ਵਿੱਚ ਚਲੇ ਗਏ। ਉਥੇ ਉਹਨਾਂ ਨੇ ਤਰ੍ਹਾਂ-ਤਰ੍ਹਾਂ ਦੇ ਰੁੱਖ ਪੌਦਿਆਂ ਅਤੇ ਪਸ਼ੂ-ਪੰਛੀਆਂ ਨੂੰ ਵੇਖਿਆ। ਫਿਰ ਉਹ ਨਦੀ ਦੇ ਕਿਨਾਰੇ ਜਾ ਨਿਕਲੇ। ਜਦ ਉਹ ਘੁੰਮ ਫਿਰ ਕੇ ਕਾਫੀ ਥਕ ਗਏ ਤਾਂ ਆਰਾਮ ਕਰਨ ਲਈ ਇੱਕ ਰੁੱਖ ਦੀ ਛਾਂ ਵਿੱਚ ਜਾ ਬੈਠੇ।

ਥੋੜੀ ਦੇਰ ਬਾਦ ਅਧਿਆਪਕ ਵਿਜਯਸੇਨ ਨੇ ਤਿੰਨਾਂ ਤੋਂ ਇੱਕਠੇ ਪੁੱਛਿਆ, ''ਕੀ ਤੁਸੀਂ ਕਦੇ ਸਟੇਥੋਸਕੋਪ ਵੇਖਿਆ ਹੈ?''

''ਹਾਂ ਵੇਖਿਆ ਹੈ।'' ਤਿੰਨੇ ਬੋਲ ਪਏ।

''ਕਿਥੇ?'' ਸਵਾਲ ਉਠਿਆ।

''ਹਰੇਕ ਡਾਕਟਰ ਦੇ ਕੋਲ।'' ਸ਼ਸ਼ੀ ਨੇ ਜਵਾਬ ਦਿੱਤਾ।''

''ਸਹੀ ਕਿਹਾ, ''ਅਧਿਆਪਕ ਨੇ ਉਹਨਾਂ ਦੀ ਪਿੱਠ ਥਪਥਪਾਈ। ਫਿਰ ਬੋਲੇ, ''ਸੁਮਨ ਤੂੰ ਦੱਸ ਸਕਦਾ ਹੈ, ਡਾ. ਉਸ ਦਾ ਕੀ ਉਪਯੋਗ ਕਰਦੇ ਹਨ?''

''ਉਸ ਦੀ ਮਦਦ ਨਾਲ ਡਾਕਟਰ ਮਰੀਜ਼ਾਂ ਦੇ ਹਿਰਦੇ ਦੀ ਧੜਕਣ ਸੁਣਦਾ ਹੈ।''

''ਅਰੇ ਵਾਹ!'' ਅਧਿਆਪਕ ਨੇ ਉਸ ਨੂੰ ਸ਼ਾਬਾਸ਼ੀ ਦਿੱਤੀ, ''ਤੂੰ ਤਾਂ ਖੂਬ ਜਾਣਦਾ ਹੈ।''

ਆਪਣੀ ਸ਼ਲਾਗਾ ਸੁਣ ਕੇ ਸੁਮਨ ਖੁਸ਼ ਹੋ ਗਿਆ। ਪਰ ਸੰਤੋਸ਼ ਦਾ ਮਨ ਇਹਨਾਂ ਸਾਰੀਆਂ ਗੱਲਾਂ ਵਿੱਚ ਜਰਾ ਵੀ ਨਹੀਂ ਲਗ ਰਿਹਾ ਸੀ। ਉਹ ਝੱਟ ਬੋਲ ਪਿਆ, ''ਸਰ, ਕੋਈ ਕਹਾਣੀ ਸੁਣਾਉ ਨਾ!''

ਕਹਾਣੀ ਸੁਣਾਉਣ ਦੀ ਗੱਲ ਤੇ ਸ਼ਸ਼ੀ ਅਤੇ ਸੁਮਨ ਨੇ ਵੀ ਜਿੱਦ ਫੜ ਲਈ, ''ਹਾਂ, ਹਾਂ ਕਹਾਣੀ ਸੁਣਾਉ ਸਰ।''

ਅਧਿਆਪਕ ਨੇ ਤੁਰੰਤ ਕੁੱਝ ਸੋਚਿਆ, ਫਿਰ ਸਾਰਿਆਂ ਤੋਂ ਪੁੱਛਿਆ, ''ਕਹਾਣੀ ਜ਼ਰੂਰ ਸਣਾਉਂਗਾ। ਪਹਿਲਾਂ ਇਹ ਦੱਸੋ ਕਿ ਸਟੈਥੋਸਕੋਪ ਬਣਿਆ ਕਿਵੇਂ?''

''ਸਾਨੂੰ ਨਹੀਂ ਪਤਾ'', ਤਿੰਨਾ ਨੇ ਨਰਾਜਗੀ ਦਿਖਾਈ।

''ਬਹੁਤ ਮਜੇਦਾਰ ਕਹਾਣੀ ਹੈ ਇਸ ਦੀ'', ਅਧਿਆਪਕ ਜੀ ਨੇ ਦੱਸਿਆ।

''ਇੰਝ ਹੈ ਤਾਂ ਇਸ ਦੀ ਕਹਾਣੀ ਸੁਣਾਉ ਨਾ।'' ਤਿੰਨੋਂ ਇੱਕ ਸੁਰ ਵਿੱਚ ਬੋਲੇ।

''ਬਹੁਤ ਖੂਬ!'' ਅਧਿਆਪਕ ਮੰਨ ਗਏ।

''ਫਿਰ ਕਹੋ'', ਤਿੰਨੇ ਕਹਾਣੀ ਸੁਣਨ ਲਈ ਉਤਸੁਕ ਹੋ ਗਏ।

''ਪੁਰਾਣੀ ਗੱਲ ਹੈ। ਸੰਨ 1816 ਈ: ਦੀ ਇੱਕ ਘਟਨਾ ਹੈ। ਲੀਨੇਕ ਨਾਮਕ ਇੱਕ ਡਾਕਟਰ ਸੀ। ਉਹ ਫ੍ਰਾਂਸ ਦੀ ਰਾਜਧਾਨੀ ਪੇਰਿਸ ਵਿੱਚ ਰਹਿੰਦਾ ਸੀ। ਕਦੇ-ਕਦੇ ਉਸ ਦੇ ਕੋਲ ਅਜਿਹੇ ਮਰੀਜ਼ ਵੀ ਆਉਂਦੇ ਸਨ ਕਿ ਜਿਹਨਾਂ ਦੀ ਛਾਤੀ ਵਿੱਚ ਕਿਸੇ-ਨਾ-ਕਿਸੇ ਤਰ੍ਹਾਂ ਦੀ ਬੀਮਾਰੀ ਹੋਇਆ ਕਰਦੀ ਸੀ। ਅਜਿਹੇ ਮਰੀਜ਼ਾਂ ਵਿੱਚ ਡਾਕਟਰ ਸਾਹਿਬ ਰੁਚੀ ਵੀ ਖੂਬ ਲਿਆ ਕਰਦੇ ਸਨ।'' ਕਹਿੰਦੇ-ਕਹਿੰਦੇ ਅਧਿਆਪਕ ਅਚਾਨਕ ਰੁਕ ਗਏ।

''ਫਿਰ ਕੀ ਹੋਇਆ?'' ਸੁਮਨ ਨੇ ਪੁੱਛਿਆ।

ਅਧਿਆਪਕ ਨੇ ਕਹਾਣੀ ਅੱਗੇ ਵਧਾਈ, ''ਡਾਕਟਰ ਲੀਨੇਕ ਦੇ ਕੋਲ ਜਦ ਛਾਤੀ ਦੀ ਬੀਮਾਰੀ ਨਾਲ ਸੰਬੰਧਿਤ ਕੋਈ ਮਰੀਜ਼ ਆਉਂਦਾ ਸੀ ਤਾਂ ਉਸ ਦੇ ਸਾਹਮਣੇ ਇੱਕ ਵੱਡੀ ਮੁਸ਼ਕਿਲ ਪੈਦਾ ਹੋ ਜਾਂਦੀ ਸੀ।''

''ਕਿਸ ਤਰ੍ਹਾਂ ਦੀ ਮੁਸ਼ਕਿਲ?'' ਸੰਤੋਸ਼ ਨੇ ਜਾਣਨਾ ਚਾਹਿਆ।

''ਅਸਲ ਵਿੱਚ ਉਸ ਸਮੇਂ ਤਕ ਅਜਿਹੇ ਕਿਸੇ ਯੰਤਰ ਦੀ ਕਾਢ ਨਹੀਂ ਹੋਈ ਸੀ, ਜਿਸ ਦੀ ਮਦਦ ਨਾਲ ਛਾਤੀ ਦੇ ਮਰੀਜ਼ਾਂ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਕੀਤੀ ਜਾ ਸਕੇ।'' ਅਧਿਆਪਕ ਨੇ ਸਾਰਿਆਂ ਨੂੰ ਦੱਸਿਆ।

''ਅਜਿਹੀ ਹਾਲਤ ਵਿੱਚ ਮਰੀਜ਼ਾਂ ਦਾ ਇਲਾਜ ਕਰਨ ਵਿੱਚ - ਡਾਕਟਰ ਸਾਹਿਬ ਦੀ ਕਠਿਨਾਈ ਕਾਫੀ ਵੱਧ ਜਾਂਦੀ ਹੋਵੇਗੀ।'' ਸ਼ਸ਼ੀ ਨੇ ਆਪਣੀ ਗੱਲ ਰੱਖੀ।

''ਬਿਲਕੁਲ।'' ਅਧਿਆਪਕ ਜੀ ਨੇ ਸ਼ਸ਼ੀ ਦੀ ਗੱਲ ਨੂੰ ਕਾਫੀ ਗੰਭੀਰਤਾ ਨਾਲ ਲਿਆ।

''ਤਾਂ ਫਿਰ?'' ਸੰਤੋਸ਼ ਨੇ ਅਧਿਆਪਕ ਜੀ ਵੱਲ ਵੇਖਿਆ।

''ਇੱਕ ਦਿਨ ਡਾਕਟਰ ਲੀਨੇਕ ਸੜਕ ਤੇ ਚਹਿਲਕਦਮੀ ਕਰ ਰਹੇ ਸਨ। ਅਚਾਨਕ ਸੜਕ ਤੇ ਖੇਡ ਰਹੇ ਦੋ ਬੱਚਿਆਂ ਤੇ ਉਹਨਾਂ ਦੀ ਨਿਗਾਹ ਗਈ। ਦੋਵੇਂ ਬੱਚੇ ਇੱਕ ਪਤਲੀ ਜਿਹੀ ਲੱਕੜੀ ਨਾਲ ਖੇਡ ਰਹੇ ਸਨ। ਪਹਿਲੇ ਨੇ ਲਕੜੀ ਦਾ ਇੱਕ ਸਿਰਾ ਆਪਣੇ ਕੰਨ ਨਾਲ ਲਗਾ ਰੱਖਿਆ ਸੀ ਅਤੇ ਦੂਸਰਾ ਲਕੜੀ ਦੇ ਦੂਸਰੇ ਸਿਰੇ ਨੂੰ ਖੱਬੇ ਹੱਥ ਨਾਲ ਫੜ ਕੇ ਆਪਣੇ ਸੱਜੇ ਹੱਥ ਦੀ ਉਂਗਲੀ ਨਾਲ ਲਕੜੀ ਨੂੰ ਠਕ-ਠਕ ਕਰ ਰਿਹਾ ਸੀ। ਪਹਿਲਾ ਬੱਚਾ ਲਕੜੀ ਵਿਚੋਂ ਗੁਜਰਦੀ ਹੋਈ ਹਲਕੀ ਆਵਾਜ਼ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ।''

''ਅੱਛਾ ਤਾਂ?'' ਸੰਤੋਸ਼ ਨੇ ਹੁੰਗਾਰਾ ਭਰਿਆ।

''ਇਸ ਸਧਾਰਣ ਜਿਹੀ ਘਟਨਾ ਨੇ ਡਾਕਟਰ ਲੀਨੇਕ ਦੇ ਦਿਮਾਗ ਵਿੱਚ ਇੱਕ ਨਵੀਂ ਸੂਝ ਪੈਦਾ ਕੀਤੀ। ਉਹ ਤੁਰੰਤ ਹਸਪਤਾਲ ਪਹੁੰਚੇ। ਉਥੇ ਉਸ ਨੇ ਕਾਗਜਾਂ ਦੀ ਸਹਾਇਤਾ ਨਾਲ ਇੱਕ ਲੰਮੀ ਜਿਹੀ ਨਲੀ ਤਿਆਰ ਕੀਤੀ, ਕਹਿੰਦੇ-ਕਹਿੰਦੇ ਅਧਿਆਪਕ ਇੱਕਦਮ ਚੁੱਪ ਹੋ ਗਏ। ਗਲਾ ਸਾਫ਼ ਕਰਕੇ ਪਲ ਭਰ ਬਾਦ ਉਹ ਫਿਰ ਬੋਲਣ ਲੱਗੇ, ''ਜਾਣਦੇ ਹੋ, ਉਸ ਨੇ ਉਸ ਨਲੀ ਦਾ ਕੀ ਕੀਤਾ?''

''ਨਹੀਂ ਤਾਂ।'' ਸਾਝਾਂ ਸੁਰ ਉਭਰਿਆ।

''ਉਸ ਦਾ ਇੱਕ ਸਿਰਾ ਉਸ ਨੇ ਛਾਤੀ ਦੀ ਬੀਮਾਰੀ ਨਾਲ ਪੀੜਤ ਕਿਸੇ ਮਰੀਜ਼ ਦੇ ਸੀਨੇ ਤੇ ਲਗਾਇਆ ਅਤੇ ਦੂਸਰਾ ਸਿਰਾ ਆਪਣੇ ਕੰਨ ਨਾਲ ਲਗਾਈ ਰੱਖਿਆ। ਅਗਲੇ ਹੀ ਪਲ ਉਸ ਦੇ ਬੁਲ੍ਹਾਂ ਤੇ ਹਲਕੀ ਜਿਹੀ ਮੁਸਕਰਾਹਟ ਦਿਖਾਈ ਦਿੱਤੀ। ਡਾਕਟਰ ਸਾਹਿਬ ਨੂੰ ਛਾਤੀ ਦੇ ਮਰੀਜ਼ਾਂ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਕਰਨ ਲਈ ਜਿਸ ਇੱਕ ਯੰਤਰ ਦੀ ਘਾਟ ਬਹੁਤ ਦਿਨਾਂ ਤੋਂ ਖਟਕ ਰਹੀ ਸੀ, ਉਹ ਅੱਜ ਉਸ ਨੂੰ ਅਚਾਨਕ ਮਿਲ ਗਿਆ।''

''ਮਤਲਬ ਇਹ ਕਿ ਕਾਗਜ਼ ਦੀ ਬਣੀ ਉਸ ਨਲੀ ਨਾਲ ਡਾ: ਸਾਹਿਬ ਨੇ ਮਰੀਜ਼ ਦੇ ਹਿਰਦੇ ਦੀ ਧੜਕਣ ਸੁਣ ਲਈ।'' ਸ਼ਸ਼ੀ ਹੈਰਾਨ ਹੋ ਕੇ ਬੋਲਿਆ। ''ਬਿਲਕੁਲ।''

''ਫਿਰ ਡਾਕਟਰ ਲੀਨੇਕ ਦੀ ਇੱਕ ਬਹੁਤ ਵੱਡੀ ਸਮੱਸਿਆ ਆਸਾਨੀ ਨਾਲ ਸੁਲਝ ਗਈ।'' ਸੰਤੋਸ਼ ਖੁਸ਼ ਹੋ ਕੇ ਬੋਲਿਆ।

''ਅਜਿਹਾ ਹੀ ਸਮਝ ਲਓ'', ਅਧਿਆਪਕ ਨੇ ਕਿਹਾ।

''ਹਾਂ ਤਾਂ?''ਸੁਮਨ ਅੱਗੇ ਜਾਣਨ ਲਈ ਉਤਾਵਲਾ ਹੋ ਰਿਹਾ ਸੀ।

''ਅਰੇ ਜਾਣਦੇ ਹੋ, ਡਾਕਟਰ ਲੀਨੇਕ ਦੀ ਇਹੀ ਸੂਝ ਹੌਲੀ-ਹੌਲੀ ਵਿਕਸਿਤ ਹੋ ਕੇ ਇੱਕ ਦਿਨ ਸਟੈਥੋਸਕੋਪ ਦੇ ਰੂਪ ਵਿੱਚ ਸਾਡੇ ਸਾਹਮਣੇ ਪ੍ਰਗਟ ਹੋਈ, ਜਿਸ ਨੂੰ ਅੱਜ ਅਸੀਂ ਅਕਸਰ ਡਾਕਟਰਾਂ ਦੇ ਕੋਲ ਵੇਖਦੇ ਹਾਂ। ਦੱਸੋ, ਸਟੈਥੋਸਕੋਪ ਦੀ ਇਹ ਜਨਮ-ਕਥਾ ਤੁਹਾਨੂੰ ਕਿਵੇਂ ਲੱਗੀ?'' ਅਧਿਆਪਕ ਨੇ ਤਿੰਨਾਂ ਭਰਾਵਾਂ ਤੋਂ ਇੱਕਠੇ ਪੁੱਛਿਆ।

''ਬਹੁਤ ਵਧੀਆ'', ਤਿੰਨੇ ਬੋਲ ਪਏ, ''ਖੂਬ ਮਜੇ ਦਾਰ ਰਹੀ।''

ਫਿਰ ਸਾਰੇ ਉਥੋਂ ਚੱਲ ਪਏ। ■

ਲੇਖ - ਕਮਲ ਜੈਨ

# ਮਹਾਰਾਣਾ ਦਾ ਪ੍ਰਣ



ਰਾਜਸਥਾਨ ਦੀ ਕਹਾਣੀਆਂ ਵਿੱਚ ਮਹਾਰਾਣਾ ਪ੍ਰਤਾਪ ਦਾ ਨਾਂ ਇਤਿਹਾਸ ਵਿੱਚ ਅਮਰ ਹੈ। ਮਹਾਰਾਣਾ ਪ੍ਰਤਾਪ ਨੇ ਆਪਣੇ ਜੀਵਨ ਵਿੱਚ ਆਪਣੀ ਜ਼ਿੰਦਗੀ ਦੇ ਕਈ ਬਦਲਦੇ ਰੰਗ ਵੇਖੇ ਲੇਕਿਨ ਉਹਨਾਂ ਨੇ ਕਦੇ ਦੁੱਖ ਮਹਿਸੂਸ ਨਹੀਂ ਕੀਤਾ। ਉਹਨਾਂ ਦੀ ਵੀਰਤਾ ਦੇ ਅਜਿਹੇ ਕਿੱਸੇ ਹਨ ਜਿਹਨਾਂ ਵਿੱਚ ਇਨਸਾਨ ਨੂੰ ਨਸੀਹਤਾਂ ਮਿਲਦੀਆਂ ਹਨ।

ਉਨ੍ਹਾਂ ਦਿਨਾਂ ਦੀ ਗੱਲ ਹੈ, ਜਦ ਜਰਾ-ਜਿਹੀ ਗੱਲ ਨੂੰ ਲੈ ਕੇ ਬਾਦਸ਼ਾਹ ਅਕਬਰ ਨੇ ਮਹਾਰਾਣਾ ਪ੍ਰਤਾਪ ਦੀ ਰਾਜਧਾਨੀ ਤੇ ਹਮਲਾ ਬੋਲ ਦਿੱਤਾ ਸੀ, ਇਸ ਕਾਰਣ ਉਹ ਸੈਨਿਕਾਂ ਨੂੰ ਇੱਕਠਾ ਨਾ ਕਰ ਸਕੇ। ਸੈਨਿਕਾਂ ਦੀ ਘਾਟ ਕਾਰਣ ਹੀ ਮਹਾਰਾਣਾ ਨੂੰ ਅਕਬਰ ਦੇ ਹੱਥੋਂ ਮਾਤ ਖਾਣੀ ਪਈ।

ਅਕਬਰ ਦੀ ਸੈਨਾ ਨੇ ਪੂਰੀ ਰਾਜਧਾਨੀ ਤੇ ਕਬਜਾ ਕਰ ਲਿਆ। ਮਹਾਰਾਣਾ ਪ੍ਰਤਾਪ ਘਣੇ ਜੰਗਲਾਂ ਵਿੱਚ ਆਪਣੀ ਪਤਨੀ ਅਤੇ ਬੇਟੇ ਦੇ ਨਾਲ ਘਾਹ-ਫੂਸ ਦੀ ਕੁੱਟੀਆ ਬਣਾ ਕੇ ਉਸ ਵਿੱਚ ਗੁਜਾਰਾ ਕਰ ਰਹੇ ਸਨ। ਇੱਕ ਦਿਨ ਇੱਕ ਹੱਟਾ-ਕੱਟਾ ਨੌਜਵਾਨ ਘੋੜੇ ਤੇ ਸਵਾਰ ਹੋ ਕੇ ਆਇਆ ਅਤੇ ਬੁਲੰਦ ਆਵਾਜ਼ ਵਿੱਚ ਬੋਲਿਆ - ਮਹਾਰਾਣਾ ਪ੍ਰਤਾਪ ਦੀ ਜੈ ਹੋ।

ਬੀਆਬਾਨ ਜੰਗਲ ਵਿੱਚ ਆਪਣੇ ਨਾਮ ਦੀ ਜੈ ਸੁਣ ਕੇ ਮਹਾਰਾਣਾ ਹੈਰਾਨ ਹੋ ਗਿਆ। ਭਲਾ ਮੈਨੂੰ ਇਸ ਤਰ੍ਹਾਂ ਪੁਕਾਰਣ ਵਾਲਾ ਕੌਣ ਆਇਆ ਹੈ। ਜਦ ਉਹਨਾਂ ਨੇ ਨਜ਼ਰਾਂ ਚੁੱਕ ਕੇ ਵੇਖਿਆ ਤਾਂ ਸਾਹਮਣੇ ਭਾਮਾਸ਼ਾਹ ਖੜਾ ਸੀ।

ਭਾਮਾਸ਼ਾਹ ਨੂੰ ਵੇਖਦੇ ਹੀ ਮਹਾਰਾਣਾ ਦੀਆਂ ਅੱਖਾਂ ਵਿੱਚ ਹੰਝੂ ਛਲਕ ਪਏ ਅਤੇ ਉਸ ਨੂੰ ਗਲੇ ਲਗਾ ਕੇ ਬੋਲੇ - ਭਾਮਾ! ਇਹ ਸਭ ਕਿਸਮਤ ਦੀ ਖੇਡ ਹੈ, ਅਸੀਂ ਸੋਨੇ ਦੇ ਸਿੰਘਾਸਨ ਤੇ ਬੈਠਦੇ। ਸ਼ਾਹੀ ਜ਼ਿੰਦਗੀ ਬਤੀਤ ਕਰਦੇ ਲੇਕਿਨ ਹੁਣ ਇਹ ਸਾਰੀਆਂ ਗੱਲਾਂ ਇੱਕ ਸੁਪਨਾ ਬਣ ਕੇ ਰਹਿ ਗਈਆਂ ਹਨ।

ਇਸ ਤੇ ਭਾਮਾਸ਼ਾਹ ਨੇ ਕਿਹਾ - ਮਹਾਰਾਜ! ਅਸੀਂ ਫਿਰ ਤੋਂ ਆਪਣੀ ਰਾਜਧਾਨੀ ਵਿੱਚ ਸ਼ਾਨ ਦਾ ਝੰਡਾ ਲਹਿਰਾਵਾਂਗੇ। ਖੋਹਿਆ ਹੋਇਆ ਰਾਜ ਫਿਰ ਤੋਂ ਪ੍ਰਾਪਤ ਕਰਾਂਗੇ।

- ਲੇਕਿਨ ਇਹ ਕਿਵੇਂ ਸੰਭਵ ਹੈ? - ਮਹਾਰਾਣਾ ਪ੍ਰਤਾਪ ਬੋਲੇ।

ਭਾਮਾਸ਼ਾਹ ਨੇ ਕਿਹਾ - ਮਹਾਰਾਜ, ਮੇਰੇ ਕੋਲ ਜੋ ਕੁੱਝ ਵੀ ਹੈ। ਉਹ ਆਪ ਦਾ ਹੀ ਹੈ ਕਿਉਂਕਿ ਉਹ ਆਪ ਦੇ ਪੁਰਖਿਆਂ ਦਾ ਦਿੱਤਾ ਹੋਇਆ ਹੈ। ਉਹ ਮੈਂ ਆਪ ਨੂੰ ਸਮਰਪਿਤ ਕਰਦਾ ਹਾਂ। ਆਪ ਫਿਰ ਤੋਂ ਸੈਨਾ ਤਿਆਰ ਕਰੋ। ਅਸੀਂ ਆਪਣੇ ਬੁਲੰਦ ਹੌਸਲੇ ਦੇ ਨਾਲ ਅਕਬਰ ਨਾਲ ਯੁੱਧ ਕਰਾਂਗੇ। ਜਦ ਤਕ ਆਪਣਾ ਰਾਜ ਪ੍ਰਾਪਤ ਨਹੀਂ ਕਰ ਲੈਂਦੇ, ਚੈਨ ਨਾਲ ਨਹੀਂ ਬੈਠਾਂਗੇ।

ਇਹ ਸੁਣ ਕੇ ਮਹਾਰਾਣਾ ਨੇ ਪ੍ਰਣ ਲਿਆ ਕਿ ਜਦ ਤਕ ਮੈਂ ਆਪਣਾ ਰਾਜ ਨਹੀਂ ਜਿੱਤ ਲੈਂਦਾ, ਤਦ ਤਕ ਮੈਂ ਰੁੱਖੀ-ਸੁੱਕੀ ਰੋਟੀ ਹੀ ਖਾਊਂਗਾ ਅਤੇ ਜ਼ਮੀਨ ਤੇ ਹੀ ਸੋਵਾਂਗਾ।

ਮਹਾਰਾਣਾ ਪ੍ਰਤਾਪ ਨੇ ਆਪਣੇ ਸਰਦਾਰਾਂ ਨੂੰ ਫਿਰ ਤੋਂ ਇੱਕਠਾ ਕੀਤਾ ਅਤੇ ਆਦਿਵਾਸੀਆਂ ਅਤੇ ਭੀਲ ਨੌਜਵਾਨਾਂ ਦੀ ਸੈਨਾ ਤਿਆਰ ਕੀਤੀ ਅਤੇ ਉਹਨਾਂ ਨੂੰ ਸੈਨਿਕਾਂ ਦੀ ਟ੍ਰੇਨਿੰਗ ਦੇ ਕੇ ਬਹਾਦਰ ਬਣਾਇਆ। ਫਿਰ ਅਕਬਰ ਦੇ ਨਾਲ ਭਿਅੰਕਰ ਯੁੱਧ ਹੋਇਆ ਅਤੇ ਅਕਬਰ ਦੀ ਸੈਨਾ ਭੱਜ ਖੜੀ ਹੋਈ। ਅਕਬਰ ਦੀ ਹਾਰ ਹੋਈ।

ਆਪਣੀ ਰਾਜਧਾਨੀ ਨੂੰ ਫਿਰ ਪਾ ਕੇ ਮਹਾਰਾਣਾ ਬੜੇ ਖੁਸ਼ ਹੋਏ। ਉਹਨਾਂ ਨੇ ਗਰੀਬਾਂ ਦੇ ਭਲੇ ਲਈ ਕਈ ਅਜਿਹੇ ਕੰਮ ਕੀਤੇ ਜਿਸ ਨਾਲ ਉਹ ਹਰਮਨ ਪਿਆਰੇ ਹੋਏ।

ਮਹਾਰਾਣਾ ਪ੍ਰਤਾਪ ਜਦ ਆਪਣੇ ਜੰਗਲ ਦੇ ਦਿਨਾਂ ਨੂੰ ਯਾਦ ਕਰਦੇ ਤਾਂ ਉਹਨਾਂ ਦੀਆਂ ਅੱਖਾਂ ਵਿੱਚ ਹੰਝੂ ਭਰ ਆਉਂਦੇ। ਜਦ ਲੋਕ ਉਹਨਾਂ ਦੇ ਹੰਝੂਆਂ ਦਾ ਕਾਰਣ ਜਾਣਨਾ ਚਾਹੁੰਦੇ ਤਾਂ ਉਹ ਮੁਸਕਰਾ ਕੇ ਕਹਿੰਦੇ - ਇਸ ਧਰਤੀ ਮਾਂ ਦੀ ਗੋਦ ਵਿੱਚ ਅੱਜ ਵੀ ਹਜ਼ਾਰਾਂ ਰਾਣਾ ਮੌਜੂਦ ਹਨ ਜੋ ਰੁੱਖਾ-ਸੁੱਕਾ ਖਾਂਦੇ ਹਨ ਅਤੇ ਆਪਣੇ ਆਪ ਨੂੰ ਕੁਦਰਤ ਦਾ ਮਹਾਰਾਣਾ ਕਹਿੰਦੇ ਹਨ। ਅਜਿਹੇ ਮਹਾਰਾਣਾ ਹੀ ਮਾਤਰ ਭੂਮੀ ਦੇ ਪਹਿਰੇਦਾਰ ਹਨ ਕਿਉਂਕਿ ਉਹ ਬੰਜਰ ਭੂਮੀ ਵਿੱਚ ਵੀ ਖੇਤੀ ਕਰਦੇ ਹਨ, ਰੁੱਖ ਲਗਾਉਂਦੇ ਹਨ। ਧਰਤੀ ਦੇ ਜਖਮਾਂ ਨੂੰ ਰੁੱਖਾਂ ਨਾਲ ਭਰਦੇ ਹਨ।

ਮਹਾਰਾਣਾ ਪ੍ਰਤਾਪ ਨੂੰ ਪਸ਼ੂ-ਪੰਛੀਆਂ ਨਾਲ ਵੀ ਬਹੁਤ ਪਿਆਰ ਸੀ। ਉਹਨਾਂ ਦਾ ਚੇਤਕ ਘੋੜਾ ਇਤਿਹਾਸ ਵਿੱਚ ਅੱਜ ਵੀ ਅਮਰ ਹੈ।

ਮਹਾਰਾਣਾ ਪ੍ਰਤਾਪ ਨੇ ਇੱਕ ਵਾਰ ਕਿਹਾ ਸੀ - ਹਰ ਇਨਸਾਨ ਨੂੰ ਆਪਣੇ ਹੌਂਸਲੇ ਬੁਲੰਦ ਰੱਖਣੇ ਚਾਹੀਦੇ ਹਨ। ਆਪਣੇ ਆਪ ਨੂੰ ਕਦੇ ਵੀ ਕਾਇਰ ਨਹੀਂ ਸਮਝਣਾ ਚਾਹੀਦਾ। ਮਹਾਰਾਣਾ ਨੂੰ ਇਤਿਹਾਸ ਵਿੱਚ 'ਘਾਹ ਦੀ ਰੋਟੀ ਖਾਣ ਵਾਲਾ ਸ਼ਾਸਕ' ਨਾਮ ਨਾਲ ਵੀ ਜਾਣਿਆ ਜਾਂਦਾ ਹੈ। ■

*ਵਿਗਿਆਨ-ਵਾਰਤਾ*

ਪੇਸ਼ਕਸ਼ : ਰਾਧੇਲਾਲ

# ਡੈਸੀਮੀਟਰ

ਇੱਕ ਕਮਰੇ ਵਿੱਚ ਵਿਗਿਆਨ ਨਾਲ ਸੰਬੰਧਿਤ ਕੁੱਝ ਉਪਕਰਣ ਰੱਖੇ ਹੋਏ ਸਨ। ਉਹ ਇੱਕ ਦੂਸਰੇ ਦੇ ਬਹੁਤ ਕਰੀਬ ਸਨ। ਇਸ ਲਈ ਉਹਨਾਂ ਵਿੱਚ ਆਪਸੀ ਵਿਗਿਆਨ-ਵਾਰਤਾ ਸ਼ੁਰੂ ਹੋ ਗਈ। ਪਹਿਲਾਂ ਥਰਮਾਮੀਟਰ ਬੋਲਿਆ, ''ਮੈਂ ਕਿਸੇ ਮਨੁੱਖ ਦੇ ਸਰੀਰ ਦਾ ਤਾਪਮਾਨ ਆਸਾਨੀ ਨਾਲ ਦੱਸ ਸਕਦਾ ਹਾਂ।''

''ਦੁੱਧ ਦਾ ਘਣਤਵ ਦੱਸਣ ਦੀ ਸਮਰੱਥਾ ਮੇਰੇ ਵਿੱਚ ਹੈ'', ਇਹ ਲੈਕਟੋਮੀਟਰ ਦੀ ਆਵਾਜ਼ ਸੀ। ਉਹ ਅੱਗੇ ਬੋਲਿਆ, ''ਇਹੀ ਨਹੀਂ, ਉਸ ਦੀ ਸ਼ੁੱਧਤਾ-ਅਸ਼ੁੱਧਤਾ ਦੀ ਪਰਖ ਵੀ ਮੈਨੂੰ ਹੈ।''

ਹੁਣ ਬੈਰੋਮੀਟਰ ਦੀ ਵਾਰੀ ਆਈ। ਉਸ ਨੇ ਵੀ ਝੱਟ ਕਿਹਾ, ''ਕਿਸੇ ਵੀ ਸਥਾਨ ਤੇ ਹਵਾ ਦਾ ਕੀ ਦਬਾਅ ਹੈ, ਮੇਰੇ ਤੋਂ ਪੁੱਛੋ। ਤੁਰੰਤ ਦੱਸ ਦੇਵਾਂਗਾ।''

ਤਦ ਤਿੰਨਾਂ ਦੀਆਂ ਗੱਲਾਂ ਸੁਣ ਕੇ ਕਮਰੇ ਦੇ ਇੱਕ ਕੋਨੇ ਵਿੱਚ ਪਿਆ ਲੱਕੜੀ ਦਾ ਬਣਿਆ ਇੱਕ ਛੋਟਾ ਜਿਹਾ ਪੈਮਾਨਾ ਆਪਣੇ ਆਪ ਨੂੰ ਰੋਕ ਨਹੀਂ ਸਕਿਆ। ਉਹ ਵੀ ਟਪਕ ਪਿਆ, ''ਅਰੇ, ਆਪ ਤਿੰਨੋਂ ਇਕ-ਦੂਸਰੇ ਤੋਂ ਕਿੰਨੀ ਦੂਰੀ ਤੇ ਹੋ, ਇਹ ਦੱਸਣਾ ਮੇਰਾ ਕੰਮ ਹੈ।''

''ਤੂੰ ਕੌਣ ਹੈ?'' ਤਿੰਨਾਂ ਦੀਆਂ ਨਿਗਾਹਾਂ ਇੱਕਦਮ ਉਸ ਪੈਮਾਨੇ ਵੱਲ ਦੌੜ ਗਈਆਂ।

ਆਪਣੀ ਛੋਟੀ ਜਿਹੀ ਆਵਾਜ਼ ਵਿੱਚ ਉਹ ਝੱਟ ਬੋਲਿਆ, ''ਮੈਂ ਹਾਂ- ਡੈਸੀਮੀਟਰ।'' ■

## *ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ*

1) ਪੀਲਾ
2) ਵਰਣਮਾਲਾ
3) ਰਾਮਬੋਲਾ
4) ਸ਼ਿਮਲਾ
5) ਅਗਰਤਲਾ
6) ਲਾਲ ਕਿਲਾ
7) ਕੋਇਲਾ
8) ਨਜ਼ਮਾ ਹੇਪਤੁੱਲਾ
9) ਉਰਮਿਲਾ
10) ਨੇਲਸਨ ਮੰਡੇਲਾ
11) ਮਨੀਲਾ
12) ਨਾਥੁਲਾ
13) ਮਿਥਿਲਾ
14) ਕਮਲਾ
15) ਕਾਲਾ

ਕਵਿਤਾ : ਮਦਨ ਸ਼ੇਖਪੁਰੀ

# ਬੱਚੇ! ਮੇਰੀ ਗੱਲ ਧਿਆਨ ਨਾਲ ਸੁਣ ਲੈ...

ਪ੍ਰੇਮ ਪਿਆਰ ਦੀ ਜਾਗੀ,
ਜਿਸ ਵਿੱਚ, ਜਿੰਨੀ-ਜਿੰਨੀ ਪਿਆਸ।
ਉਸ ਵਿੱਚ ਓਨੀ ਜਾਗੀ ਹੈ ਹਿੰਮਤ,
ਓਨਾ ਹੀ ਵਿਸ਼ਵਾਸ।

ਇੱਕ ਬੂੰਦ ਹਿੰਮਤ ਦੀ ਕਾਫੀ,
ਤਨ-ਮਨ ਤੰਦਰੁਸਤ ਬਣਾਉਣ ਲਈ।
ਇਹਨਾਂ ਦੋਵਾਂ ਦਾ ਖਾਸ ਮਹੱਤਵ ਹੈ,
ਜੀਵਨ ਸਹੀ ਚਲਾਉਣ ਲਈ।

ਬੱਚੇ ਮੇਰੀ ਧਿਆਨ ਨਾਲ ਸੁਣ ਲੈ,
ਇਹ ਛੋਟੀ ਜਿਹੀ ਗੱਲ ਖਾਸ।
ਹਿੰਮਤ ਵਾਲੇ ਨੂੰ ਕਿਸੇ ਨੇ ਜਗ ਵਿੱਚ,
ਵੇਖਿਆ ਨਹੀਂ ਉਦਾਸ।

ਜਿੱਤ ਹਮੇਸ਼ਾਂ ਉਸ ਦੀ,
ਓਨੀ-ਓਨੀ, ਬਣੀ ਹੈ ਦਾਸ।
ਪ੍ਰੇਮ-ਪਿਆਰ ਦੀ ਜਾਗੀ ਜਿਸ ਵਿੱਚ,
ਜਿੰਨੀ-ਜਿੰਨੀ ਪਿਆਸ।



ਲੇਖ : ਪ੍ਰਿਥਵੀਰਾਜ

# ਫਲੋਰੇਂਸ ਨਾਈਟਿੰਗੇਲ

ਇੱਕ ਦਿਨ ਇੱਕ ਛੋਟੀ ਜਿਹੀ ਲੜਕੀ ਸਕੂਲ ਤੋਂ ਆਪਣੇ ਘਰ ਜਾ ਰਹੀ ਸੀ ਤਾਂ ਰਾਹ ਵਿੱਚ ਉਸ ਨੂੰ ਇੱਕ ਕੁੱਤਾ ਮਿਲਿਆ। ਕੁੱਤੇ ਦੀ ਇੱਕ ਲੱਤ ਜ਼ਖਮੀ ਸੀ। ਜ਼ਖਮ ਤੇ ਮੱਖੀਆਂ ਭਿੰਨ-ਭਿੰਨਾ ਰਹੀਆਂ ਸਨ। ਲੜਕੀ ਨੂੰ ਕੁੱਤੇ ਤੇ ਦਯਾ ਆ ਗਈ। ਉਹ ਉਸ ਨੂੰ ਆਪਣੇ ਘਰ ਲੈ ਆਈ। ਉਸ ਨੇ ਕੁੱਤੇ ਦੇ ਜ਼ਖਮ ਨੂੰ ਗਰਮ ਪਾਣੀ ਨਾਲ ਧੋਤਾ ਅਤੇ ਉਸ ਤੇ ਪੱਟੀ ਬੰਨ੍ਹ ਦਿੱਤੀ। ਲਗਭਗ ਇੱਕ ਹਫ਼ਤੇ ਤਕ ਰੋਜ਼ ਪੱਟੀ ਕਰਨ ਦੇ ਬਾਦ ਕੁੱਤਾ ਬਿਲਕੁਲ ਠੀਕ ਹੋ ਗਿਆ।

ਬੱਚਿਉ! ਕੀ ਤੁਸੀਂ ਜਾਣਦੇ ਹੋ ਕਿ ਉਹ ਦਿਆਲੂ ਲੜਕੀ ਕੌਣ ਸੀ? ਉਹ ਸੀ -'ਫਲੋਰੇਂਸ ਨਾਈਟਿੰਗੇਲ।'



ਫਲੋਰੇਂਸ ਨਾਈਟਿੰਗੇਲ ਦਾ ਜਨਮ ਇੱਟਲੀ ਦੇ ਫਲੋਰੇਂਸ ਨਗਰ ਵਿੱਚ 12 ਮਾਰਚ 1820 ਨੂੰ ਹੋਇਆ ਸੀ। ਉਸ ਦੇ ਮਾਤਾ-ਪਿਤਾ ਨੇ ਉਸ ਦਾ ਨਾਮ ਉਸੇ ਨਗਰ ਦੇ ਨਾਮ ਤੇ ਰੱਖ ਦਿਤਾ, ਜਿਥੇ ਉਹ ਪੈਦਾ ਹੋਈ ਸੀ। ਉਸ ਦੇ ਪਿਤਾ ਦਾ ਨਾਮ ਵਿਲੀਅਮ ਏਡਵਰਡ ਨਾਈਟਿੰਗੇਲ ਅਤੇ ਮਾਤਾ ਦਾ ਨਾਮ ਫੈਨੀ ਨਾਈਟਿੰਗੇਲ ਸੀ।

ਫਲੋਰੇਂਸ ਨਾਈਟਿੰਗੇਲ ਬੜੀ ਕੋਮਲ ਹਿਰਦੇ ਵਾਲੀ ਸੀ। ਕਿਸੇ ਦੇ ਦੁੱਖ ਨੂੰ ਵੇਖ ਕੇ ਉਹ ਦੁੱਖੀ ਹੋ ਜਾਂਦੀ ਸੀ। ਉਸ ਦੇ ਮਨ ਵਿੱਚ ਇੱਛਾ ਉਠਦੀ ਸੀ ਕਿ ਦੂਸਰਿਆਂ ਦੇ ਦੁੱਖ ਨੂੰ ਦੂਰ ਕਰਨ ਲਈ ਕੁੱਝ ਕਰੇ। ਜਦ ਉਹ ਥੋੜੀ ਵੱਡੀ ਹੋਈ ਤਾਂ ਉਸ ਨੂੰ ਨਰਸ ਦਾ ਕੰਮ ਚੰਗਾ ਲੱਗਣ ਲੱਗਾ। ਸਾਰਾ ਦਿਨ ਰੋਗੀਆਂ ਅਤੇ ਜ਼ਖਮੀਆਂ ਦੀ ਸੇਵਾ ਕਰਨਾ ਹੀ ਉਸ ਨੂੰ ਜੀਵਨ ਦਾ ਮੰਤਵ ਲੱਗਿਆ। ਉਸ ਨੇ ਨਿਸ਼ਚਿਤ ਕਰ ਲਿਆ ਕਿ ਉਹ ਨਰਸ ਬਣੇਗੀ। ਜਦ ਉਸ ਦੇ ਮਾਤਾ-ਪਿਤਾ ਨੂੰ ਉਸ ਦੀ ਇਸ ਇੱਛਾ ਦਾ ਪਤਾ ਲੱਗਾ ਤਾਂ ਉਹਨਾਂ ਨੇ ਨਰਸ ਬਣਨ ਦੀ ਆਗਿਆ ਨਹੀਂ ਦਿੱਤੀ। ਉਹ ਇਸ ਕੰਮ ਨੂੰ ਪਸੰਦ ਨਹੀਂ ਕਰਦੇ ਸਨ।

ਜਦ ਫਲੋਰੇਂਸ ਨੂੰ ਮਾਤਾ-ਪਿਤਾ ਦੀ ਆਗਿਆ ਨਹੀਂ ਮਿਲੀ ਤਾਂ ਉਸ ਨੂੰ ਬੜਾ ਦੁੱਖ ਹੋਇਆ। ਉਹ ਉਦਾਸ ਰਹਿਣ ਲੱਗੀ। ਉਸ ਦੇ ਦ੍ਰਿੜ ਨਿਸ਼ਚੇ ਨੂੰ ਵੇਖ ਕੇ ਮਾਤਾ-ਪਿਤਾ ਨੂੰ ਵੀ ਝੁਕਣਾ ਪਿਆ। ਉਹਨਾਂ ਨੇ ਉਸ ਨੂੰ ਨਰਸ ਬਣਨ ਦੀ ਆਗਿਆ ਦੇ ਦਿੱਤੀ।

ਫਲੋਰੇਂਸ ਨੇ ਹਸਪਤਾਲ ਵਿੱਚ ਜਾ ਕੇ ਨਰਸ ਦਾ ਕੰਮ ਸਿਖਿਆ। ਕੁੱਝ ਦਿਨਾਂ ਬਾਦ ਉਸ ਨੂੰ ਲੰਦਨ ਵਿੱਚ ਨਰਸ ਸੰਸਥਾਨ ਦਾ ਪ੍ਰਧਾਨ ਬਣਾ ਦਿੱਤਾ ਗਿਆ। ਉਸ ਨੇ ਬੜੀ ਨਿਸ਼ਠਾ ਨਾਲ ਆਪਣੇ ਕੰਮ ਨੂੰ ਕੀਤਾ। ਇਸ ਸਮੇਂ ਉਸ ਦੀ ਲਗਨ ਨੂੰ ਵੇਖ ਕੇ ਉਸ ਦੇ ਮਾਤਾ-ਪਿਤਾ ਨੂੰ ਮੰਨਣਾ ਪਿਆ ਕਿ ਉਸ ਨੂੰ ਉਸ ਦੇ ਮਾਰਗ ਤੋਂ ਹਟਾਉਣਾ ਅਨਿਆ ਹੁੰਦਾ।

ਉਹਨੀਂ ਦਿਨੀ ਇੰਗਲੈਂਡ ਇੱਕ ਯੁੱਧ ਵਿੱਚ ਉਲਝਿਆ ਹੋਇਆ ਸੀ। ਯੁੱਧ ਵਿੱਚ ਜ਼ਖਮੀ ਹੋ ਕੇ ਅਨੇਕਾਂ ਸੈਨਿਕ ਹਸਪਤਾਲ ਵਿੱਚ ਆਉਣ ਲੱਗੇ।

ਜ਼ਿਆਦਾ ਗੰਭੀਰ ਜ਼ਖ਼ਮੀਆਂ ਨੂੰ 'ਸਕੁਟਾਰੀ' ਨਾਮਕ ਹਸਪਤਾਲ ਵਿੱਚ ਲਿਆਂਦਾ ਗਿਆ। ਸਰਕਾਰ ਨੇ ਇਸ ਹਸਪਤਾਲ ਵਿੱਚ ਰੋਗੀਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਫਲੋਰੇਂਸ ਨਾਈਟਿੰਗੇਲ ਨੂੰ ਸੌਂਪ ਦਿੱਤੀ। ਇਸ ਤੋਂ ਪਹਿਲਾਂ ਹਸਪਤਾਲ ਵਿੱਚ ਸਿਪਾਹੀਆਂ ਦੀ ਦੇਖਭਾਲ ਦਾ ਉਚਿਤ ਪ੍ਰਬੰਧ ਨਹੀਂ ਸੀ ਪਰ ਫਲੋਰੇਂਸ ਨੇ ਹਸਪਤਾਲ ਦੀ ਕਾਇਆ ਪਲਟ ਦਿੱਤੀ। ਉਹ ਰਾਤ-ਦਿਨ ਰੋਗੀਆਂ ਦੀ ਸੇਵਾ ਵਿੱਚ ਜੁੱਟ ਗਈ। ਉਹ ਖੁਦ ਹਰੇਕ ਰੋਗੀ ਨੂੰ ਮਿਲਦੀ ਸੀ। ਉਹ ਯਤਨ ਕਰਦੀ ਸੀ ਕਿ ਕਿਸੇ ਰੋਗੀ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਰਾਤ ਨੂੰ ਉਹ ਹੱਥ ਵਿੱਚ ਲੈਂਪ ਲੈ ਕੇ ਰੋਗੀਆਂ ਦੇ ਕੋਲ ਜਾਂਦੀ ਸੀ। ਉਸ ਨੂੰ ਵੇਖਦੇ ਹੀ ਰੋਗੀਆਂ ਦੇ ਚਿਹਰਿਆਂ ਤੇ ਮੁਸਕਾਨ ਖਿੜ ਜਾਂਦੀ ਸੀ। ਬੀਮਾਰ ਸੈਨਿਕ ਉਸ ਨੂੰ 'ਲੈਂਪਵਾਲੀ ਦੇਵੀ' ਕਹਿ ਕੇ ਪੁਕਾਰਦੇ ਸਨ।

ਫਲੋਰੇਂਸ ਨਾਈਟਿੰਗੇਲ ਨੇ ਨਾ ਕੇਵਲ ਹਸਪਤਾਲ ਵਿੱਚ ਹੀ ਜ਼ਖ਼ਮੀਆਂ ਦੇ ਇਲਾਜ਼ ਦਾ ਪ੍ਰਬੰਧ ਕੀਤਾ ਬਲਕਿ ਉਹ ਲੜਾਈ ਦੇ ਮੈਦਾਨ ਵਿੱਚ ਵੀ ਗਈ। ਉਥੇ ਉਸ ਨੇ ਕੈਂਪਾਂ ਵਿੱਚ ਸੈਨਿਕਾਂ ਦੀ ਦਵਾਈ ਦਾ ਪ੍ਰਬੰਧ ਕੀਤਾ। ਦਿਨ-ਰਾਤ ਕੰਮ ਕਰਨ ਨਾਲ ਉਸ ਦੀ ਸਿਹਤ ਵਿਗੜਨ ਲੱਗੀ। ਮਜ਼ਬੂਰ ਹੋ ਕੇ ਉਸ ਨੂੰ ਇੰਗਲੈਂਡ ਵਾਪਸ ਆਉਣਾ ਪਿਆ।

ਇੰਗਲੈਂਡ ਵਿੱਚ ਉਸ ਦਾ ਜੋਰਦਾਰ ਸੁਆਗਤ ਹੋਇਆ। ਕਿੰਗ ਐਡਵਰਡ ਸਪਤਮ ਨੇ ਉਸ ਨੂੰ ਸਨਮਾਨਿਤ ਕੀਤਾ। ਉਸ ਦਾ ਨਾਮ ਸਾਰੇ ਵਿਸ਼ਵ ਵਿੱਚ ਪ੍ਰਸਿੱਧ ਹੋ ਗਿਆ।

90 ਸਾਲ ਦੀ ਉਮਰ ਵਿੱਚ 13 ਅਗਸਤ 1910 ਨੂੰ ਫਲੋਰੇਂਸ ਨਾਈਟਿੰਗੇਲ ਦੀ ਮੌਤ ਹੋ ਗਈ। ਇੰਗਲੈਂਡ ਦੀ ਜਨਤਾ ਨੇ ਉਹਨਾਂ ਦੀ ਯਾਦ ਵਿੱਚ ਇੱਕ ਸ਼ਾਨਦਾਰ ਯਾਦਗਾਰ ਬਣਵਾਈ।

ਫਲੋਰੇਂਸ ਨਾਈਟਿੰਗੇਲ ਦਾ ਵਿਸ਼ਵਾਸ ਸੀ ਕਿ ਮਾਨਵਤਾ ਦੀ ਸੇਵਾ ਹੀ ਭਗਵਾਨ ਦੀ ਸੱਚੀ ਸੇਵਾ ਹੈ। ਉਸ ਨੇ ਜੀਵਨ ਭਰ ਮਾਨਵਤਾ ਦੀ ਸੇਵਾ ਕੀਤੀ, ਇਸ ਲਈ ਅੱਜ ਵੀ ਸਾਰਾ ਸੰਸਾਰ ਉਸ ਦਾ ਨਾਮ ਬੜੇ ਆਦਰ ਨਾਲ ਲੈਂਦਾ ਹੈ। ■

ਬਾਲ ਕਵਿਤਾ : ਡਾ. ਹਰਜਿੰਦੁਰ ਸਿੰਘ

# ਅੱਗੇ ਕਦਮ ਵਧਾਣਾ ਸਿੱਖੋ



*ਸੂਰਜ ਦੇ ਚੜਨ ਤੋਂ ਪਹਿਲਾਂ,*
*ਹਰ ਰੋਜ਼ ਜਾਗਣਾ ਸਿਖੋ।*
*ਚੀਂ-ਚੀਂ ਕਰਦੀ ਚਿੜੀ ਤੋਂ ਤੁਸੀਂ,*
*ਗੀਤ ਮਿਲਣ ਦੇ ਗਾਣਾ ਸਿੱਖੋ।*

*ਗੁਨ-ਗੁਨ ਕਰਦੇ ਭੌਰੇ ਤੋਂ ਤੁਸੀਂ,*
*ਮਿੱਠੇ ਗੀਤ ਸੁਣਾਉਣਾ ਸਿਖੋ।*
*ਫੁੱਲਾਂ ਵਾਂਗੂੰ ਖਿੜ ਕੇ ਜੀਵਨ ਵਿੱਚ,*
*ਤੁਸੀਂ ਹਰਦਮ ਹੱਸਣਾ ਹਸਾਣਾ ਸਿੱਖੋ।*

*ਵੱਡਿਆਂ ਨੂੰ ਸਦਾ ਪ੍ਰੇਮ ਨਾਲ,*
*ਸੀਸ ਝੁਕਾਣਾ ਸਿੱਖੋ।*
*ਨਦੀਆਂ ਦੀ ਕਲ-ਕਲ ਤੋਂ,*
*ਅੱਗੇ ਕਦਮ ਵੱਧਾਣਾ ਸਿਖੋ।*

ਬਾਲ ਕਵਿਤਾ : ਨੀਲਮ ਭਾਟੀਆ

# ਮਾਤਾ-ਪਿਤਾ

ਮਾਂ ਦੀ ਮਮਤਾ ਸਭ ਤੋਂ ਪਿਆਰੀ,
ਸਾਰੇ ਜਗ ਵਿੱਚ ਸਭ ਤੋਂ ਨਿਆਰੀ।
ਸਭ ਦੇ ਦਿਲ ਨੂੰ ਭਾਉਣ ਵਾਲੀ,
ਪਿਆਰ ਦਾ ਮੁੱਲ ਸਿਖਾਉਣ ਵਾਲੀ।

ਪਿਤਾ ਦਾ ਪਿਆਰ ਵੀ ਹੈ ਅਨੋਖਾ,
ਜੀਵਨ ਵਿੱਚ ਉਮੰਗਾਂ ਭਰਦਾ ਜਾਵੇ।
ਹੱਥ ਫੜ ਕੇ ਚੱਲਣਾ ਸਿਖਾਵੇ,
ਜੀਵਨ ਦੀ ਨਵੀਂ ਰਾਹ ਦਿਖਾਵੇ।

ਮਾਤ-ਪਿਤਾ ਦੀ ਸੇਵਾ ਕਰਨਾ,
ਪਿਆਰ ਨਿਮਰਤਾ ਵਿੱਚ ਹੀ ਚੱਲਣਾ।
ਸਦਾਚਾਰ ਅਪਨਾਉਂਦੇ ਰਹਿਣਾ,
ਜੀਵਨ ਖੁਸ਼ੀਆਂ ਨਾਲ ਹੈ ਭਰਨਾ।



# ਰੰਗ ਭਰੋ





ਨਾਂ .................................................... ਉਮਰ ......

ਪੂਰਾ ਪਤਾ ..............................................................

.......................................................................

# ਮਈ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਸਤਿਗੁਰ ਸ਼ਰਨ (ਉਮਰ 13 ਸਾਲ),
ਮੁਰਗੀ ਮੁਹੱਲਾ, ਬਟਾਲਾ
ਜ਼ਿਲਾ ਗੁਰਦਾਸ ਪੁਰ (ਪੰਜਾਬ)

**ਦੂਸਰਾ ਨੰ:**

ਪ੍ਰਵੀਨ ਕੌਰ (ਉਮਰ 10 ਸਾਲ),
ਨਾਨਕ ਨਗਰੀ,
ਜ਼ਿਲਾ ਅੰਮ੍ਰਿਤਸਰ (ਪੰਜਾਬ)

**ਤੀਸਰਾ ਨੰ:**

ਸਿਦਕ ਭਾਟੀਆ (ਉਮਰ 9 ਸਾਲ)
ਵੀ.ਪੀ.ਓ. ਦੋਰਾਹਾ,
ਜ਼ਿਲਾ ਜਲੰਧਰ (ਪੰਜਾਬ)

## ਪਸੰਦ ਕੀਤੇ ਗਏ –

ਅਰਸ਼ਦੀਪ ਸਿੰਘ (ਰੂਪੋਵਾਲ),
ਸੁਖਪ੍ਰੀਤ ਸਿੰਘ (ਮਾਨਸਾ),
ਗੁਰਵਿੰਦਰ (ਜ਼ੀਰਾ),
ਨਵਪ੍ਰੀਤ ਕੌਰ (ਕਪੂਰਥਲਾ),
ਨਿਹਾਰਿਕਾ (ਲੁਧਿਆਣਾ),
ਪ੍ਰੇਰਣਾ (ਬੇਦੀ ਨਗਰ),
ਸਮੀਪਤਾ ਖੁਰਾਣਾ (ਜਲੰਧਰ),
ਜਸਪ੍ਰੀਤ ਕੌਰ (ਬੋਹਾ),
ਭਾਵੇਸ਼ ਬਾਂਸਲ (ਰਾਏਕੋਟ),
ਸਹਿਜ ਬਾਂਸਲ (ਪਾਤੜਾਂ),
ਗੁਰਮੁਖ ਨੂਰ (ਗੁਮਟਾਲਾ),
ਸ਼ੁਭਪ੍ਰੀਤ (ਅੰਮ੍ਰਿਤਸਰ),
ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਵਿਦਿਤ ਬਜਾਜ (ਖੁਸ਼ਹਾਲਪੁਰ),
ਰਸ਼ਮੀਤ ਕੌਰ (ਖੁਸ਼ਹਾਲਪੁਰ),
ਹਰਸ਼ਪ੍ਰੀਤ ਕੌਰ (ਕੁਰਾਲੀ),
ਪ੍ਰਭਜੋਤ ਕੌਰ (ਭੈਰੋ ਮਾਜ਼ਰਾ)



## ਜੁਲਾਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਜੁਲਾਈ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਸਤੰਬਰ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



ਲੇਖ : ਡਾ. ਪਰਸ਼ੂਰਾਮ ਸ਼ੁਕਲ

# ਸਾਂਭਰ

## ਉੜੀਸਾ ਦਾ ਰਾਜਪਸ਼ੂ

ਸਾਂਭਰ ਦੱਖਣੀ-ਪੂਰਬੀ ਏਸ਼ੀਆ ਵਿੱਚ ਪਾਇਆ ਜਾਣ ਵਾਲਾ ਇੱਕ ਹਿਰਨ ਹੈ। ਇਹ ਭਾਰਤ, ਨੇਪਾਲ, ਬਰਮਾ, ਬੰਗਲਾਦੇਸ਼, ਸ਼੍ਰੀਲੰਕਾ, ਮਲਾਇਆ, ਸੁਮਾਤਰਾ, ਬੋਰਨਿਉ, ਫਿਲੀਪਾਇਨਸ, ਇੰਡੋਨੇਸ਼ੀਆ ਅਤੇ ਦੱਖਣੀ ਚੀਨ ਦੇ ਬਹੁਤ ਵੱਡੇ ਹਿੱਸੇ ਵਿੱਚ ਵੇਖਣ ਨੂੰ ਮਿਲਦਾ ਹੈ। ਅੰਗ੍ਰੇਜ਼ੀ ਸ਼ਾਸਨਕਾਲ ਵਿੱਚ ਭਾਰਤੀ ਸਾਂਭਰ ਨੂੰ ਏਸ਼ੀਆ ਤੋਂ ਨਿਊਜੀਲੈਂਡ ਵਿੱਚ ਲੈ ਜਾਇਆ ਗਿਆ ਸੀ, ਜਿਥੇ ਚੰਗੀ ਤਰ੍ਹਾਂ ਫਲ-ਫੁਲ ਰਿਹਾ ਹੈ।

ਸਾਂਭਰ ਭਾਰਤ ਵਿੱਚ ਮਿਲਣ ਵਾਲੇ ਹਿਰਨਾਂ ਵਿੱਚੋਂ ਸਭ ਤੋਂ ਵੱਡਾ ਹੈ। ਇਸ ਦੀ ਮੋਢਿਆਂ ਤਕ ਉਚਾਈ 150 ਸੈਂਟੀਮੀਟਰ ਤਕ ਹੁੰਦੀ ਹੈ। ਇਹ ਪੰਜਾਬ ਨੂੰ ਛੱਡ ਕੇ ਸੰਪੂਰਣ ਭਾਰਤ ਵਿੱਚ ਮਿਲ ਜਾਂਦਾ ਹੈ। ਇਸ ਨੂੰ ਹਿਮਾਲਯ ਪਰਬਤ ਦੇ ਸਾਢੇ ਤਿੰਨ ਹਜ਼ਾਰ ਮੀਟਰ ਤਕ ਦੀ ਉਚਾਈ ਵਾਲੇ ਪਰਬਤੀ ਜੰਗਲਾਂ ਵਿੱਚ ਸਹਿਜੇ ਵੇਖਿਆ ਜਾ ਸਕਦਾ ਹੈ। ਹਿਮਾਲਯ ਦੇ ਪਰਬਤੀ ਖੇਤਰਾਂ ਵਿੱਚ ਇਹ ਜੜਾਉ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕਿਸੇ ਸਮੇਂ ਮੱਧ ਭਾਰਤ ਵਿੱਚ ਬਹੁਤ ਭਾਰੀ ਗਿਣਤੀ ਵਿੱਚ ਸਾਂਭਰ ਮਿਲ ਜਾਂਦੇ ਸਨ, ਪ੍ਰੰਤੂ ਜੰਗਲਾਂ ਦੀ ਅੰਨੇਵਾਹ ਕਟਾਈ ਅਤੇ ਸ਼ਿਕਾਰ ਦੇ ਕਾਰਣ ਇਸ ਦੀਆਂ ਅਨੇਕਾਂ ਜਾਤੀਆਂ ਪੂਰੀ ਤਰ੍ਹਾਂ ਅਲੋਪ ਹੋ ਚੁੱਕੀਆਂ ਹਨ ਅਤੇ ਕੁੱਝ ਅਲੋਪ ਹੋਣ ਦੀ ਹੱਦ ਤੇ ਪਹੁੰਚ ਗਈਆਂ ਹਨ।

ਸਾਂਭਰ ਦੀਆਂ ਤਿੰਨ ਪ੍ਰਮੁੱਖ ਜਾਤੀਆਂ ਅਤੇ ਸੋਲ੍ਹਾ ਉਪਜਾਤੀਆਂ ਹਨ। ਇਹਨਾਂ ਸਾਰੀਆਂ ਦੀ ਸਰੀਰਕ ਰਚਨਾ, ਸਿੰਗਾ ਦੀ ਰਚਨਾ ਅਤੇ ਆਕਾਰ ਵਿੱਚ ਕਾਫੀ ਫਰਕ ਹੁੰਦਾ ਹੈ। ਸਾਂਭਰ ਦੀਆਂ ਤਿੰਨ ਪ੍ਰਮੁੱਖ ਜਾਤੀਆਂ ਹਨ - ਭਾਰਤੀ ਸਾਂਭਰ, ਸੁੰਡਾ ਸਾਂਭਰ ਅਤੇ ਫਿਲੀਪਾਈਨਸ ਦਾ ਸਾਂਭਰ।

ਇਹਨਾਂ ਵਿੱਚ ਭਾਰਤੀ ਸਾਂਭਰ ਸਭ ਤੋਂ ਵੱਡਾ ਅਤੇ ਭਾਰੀ ਹੁੰਦਾ ਹੈ ਅਤੇ ਇਹ ਭਾਰਤ ਅਤੇ ਏਸ਼ੀਆ ਦੇ ਜਨਤਕ ਖੇਤਰਾਂ ਵਿੱਚ ਫੈਲਿਆ ਹੋਇਆ ਹੈ। ਇਸ ਦੇ ਸਿੰਗ ਵੀ ਸਭ ਤੋਂ ਸੁੰਦਰ ਹੁੰਦੇ ਹਨ। ਭਾਰਤ ਵਿੱਚ ਸਾਂਭਰ ਦੀਆਂ ਛੇ ਉਪਜਾਤੀਆਂ ਮਿਲ ਜਾਂਦੀਆਂ ਹਨ। ਇਹਨਾਂ ਵਿੱਚ ਮੱਧ ਪ੍ਰਦੇਸ਼ ਦੇ ਨਰਮਦਾ ਅਤੇ ਤਾਪਤੀ ਦੇ ਜੰਗਲਾਂ ਦਾ ਸਾਂਭਰ ਸਭ ਤੋਂ ਵੱਡਾ ਅਤੇ ਸੁੰਦਰ ਹੁੰਦਾ ਹੈ। ਦੱਖਣ ਭਾਰਤ ਦਾ ਸਾਂਭਰ ਸਭ ਤੋਂ ਛੋਟਾ ਹੁੰਦਾ ਹੈ, ਪ੍ਰੰਤੂ ਸੁੰਦਰਤਾ ਵਿੱਚ ਇਹ ਮੱਧ ਪ੍ਰਦੇਸ਼ ਦੇ ਸਾਂਭਰ ਤੋਂ ਘੱਟ ਨਹੀਂ ਹੁੰਦਾ।

ਸਾਂਭਰ ਦੇ ਪੈਰ ਲੰਮੇ ਅਤੇ ਮਜ਼ਬੂਤ ਹੁੰਦੇ ਹਨ ਅਤੇ ਇਸ ਦੇ ਖੁਰਾਂ ਦੀ ਰਚਨਾਂ ਇਸ ਪ੍ਰਕਾਰ ਹੁੰਦੀ ਹੈ ਕਿ ਇਸ ਦੇ ਚੱਲਣ ਦੀ ਆਵਾਜ਼ ਨਹੀਂ ਹੁੰਦੀ। ਇਸ ਦੀ ਪੂਛ ਮੋਟੀ ਅਤੇ ਮੀਡੀਅਮ ਆਕਾਰ ਦੀ ਅਤੇ ਵਾਲਾ ਵਾਲੀ ਹੁੰਦੀ ਹੈ। ਸਾਂਭਰ ਦੇ ਸਿਰ ਦੀ ਤੁਲਨਾ ਵਿੱਚ ਕੰਨ ਵੱਡੇ ਅਤੇ ਚੌੜੇ ਹੁੰਦੇ ਹਨ। ਇਸ ਦੀ ਦ੍ਰਿਸ਼ਟੀ ਸਧਾਰਣ ਹੁੰਦੀ ਹੈ, ਪ੍ਰੰਤੂ ਸੁੰਘਣ ਦੀ ਸ਼ਕਤੀ ਅਤੇ ਸੁਣਨ ਦੀ ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਆਪਣੀ ਸੁੰਘਣ ਅਤੇ ਸੁਣਨਸ਼ਕਤੀ ਦੇ ਜ਼ੋਰ ਤੇ ਇਹ ਖਤਰਾ ਨੇੜੇ ਹੋਣ ਤੇ ਆਪਣੇ ਬਚਾਉ ਲਈ ਉਸ ਦੀ ਹਾਲਤ ਪਤਾ ਕਰ ਲੈਂਦਾ ਹੈ ਅਤੇ ਚੇਤੰਨ ਹੋ ਜਾਂਦਾ ਹੈ।

ਮਾਦਾ ਸਾਂਭਰ ਦਾ ਆਕਾਰ ਨਰ ਤੋਂ ਛੋਟਾ ਹੁੰਦਾ ਹੈ। ਇਸ ਦੇ ਨਾ ਤਾਂ ਹਿਰਨ ਵਾਂਗ ਸਿੰਗ ਹੁੰਦੇ ਹਨ ਅਤੇ ਨਾ ਹੀ ਗਰਦਨ ਤੇ ਵਾਲ ਹੁੰਦੇ ਹਨ। ਇਸ ਦੇ ਸਰੀਰ ਦਾ ਰੰਗ ਵੀ ਨਰ ਤੋਂ ਹਲਕਾ ਹੁੰਦਾ ਹੈ।

ਸਾਂਭਰ ਦੇ ਸਿੰਗ ਬਾਕੀ ਹਿਰਨਾਂ ਦੀ ਤੁਲਨਾ ਵਿੱਚ ਕਾਫੀ ਵੱਡੇ ਅਤੇ ਸ਼ਾਨਦਾਰ ਹੁੰਦੇ ਹਨ। ਇਹਨਾਂ ਸਿੰਗਾ ਦੇ ਲਈ ਹੀ ਇਹਨਾਂ ਦਾ ਐਨਾ ਜ਼ਿਆਦਾ ਸ਼ਿਕਾਰ ਕੀਤਾ ਗਿਆ ਕਿ ਇਹ ਅਲੋਪ ਹੋਣ ਦੀ ਹੱਦ ਤੇ ਪਹੁੰਚ ਗਿਆ ਹੈ। ਨਰ ਸਾਂਭਰ ਦੇ ਤਿੰਨ-ਤਿੰਨ ਹਿੱਸਿਆਂ ਵਾਲੇ ਦੋ ਵੱਡੇ ਸਿੰਗ ਹੁੰਦੇ ਹਨ ਜੋ ਚਾਰ ਸਾਲ ਦੀ ਉਮਰ ਤੋਂ ਨਿਕਲਣਾ ਸ਼ੁਰੂ ਹੁੰਦੇ ਹਨ। ਇਹਨਾਂ ਸਿੰਗਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਹਰ ਸਾਲ ਡਿਗ ਜਾਂਦੇ ਹਨ, ਪ੍ਰੰਤੂ ਕਦੇ-ਕਦੇ ਦੋ ਸਾਲਾਂ ਵਿੱਚ ਡਿਗਦੇ ਹਨ। ਸਾਂਭਰ ਦੇ ਸਿੰਗ ਫੈਲੇ ਹੋਏ, ਮੋਟੇ ਅਤੇ ਮਜਬੂਤ ਹੁੰਦੇ ਹਨ। ਇਸ ਦੇ ਦੋਵਾਂ ਸਿੰਗਾਂ ਦੇ ਹਿੱਸੇ ਤਾਂ ਬਰਾਬਰ ਹੁੰਦੇ ਹਨ, ਪ੍ਰੰਤੂ ਇਹਨਾਂ ਦਾ ਵਿਕਾਸ ਇਕੋ ਜਿਹਾ ਨਹੀਂ ਹੁੰਦਾ।

ਸਾਂਭਰ ਦੇ ਸਿੰਗ ਸ਼ੁਰੂ ਤੋਂ ਕੋਮਲ ਅਤੇ ਕਮਜ਼ੋਰ ਹੁੰਦੇ ਹਨ, ਪ੍ਰੰਤੂ ਪਰਿਪੱਕ ਹੋਣ ਤੇ ਮਜ਼ਬੂਤ ਅਤੇ ਸਖਤ ਹੋ ਜਾਂਦੇ ਹਨ। ਇਹ ਅਕਸਰ ਆਪਣੇ ਸਿੰਗਾ ਨੂੰ ਰੁੱਖਾਂ ਦੇ ਤਨਿਆਂ ਨਾਲ ਰਗੜ-ਰਗੜ ਕੇ ਸਾਫ਼ ਕਰਦਾ ਰਹਿੰਦਾ ਹੈ। ਸਾਂਭਰ ਦੇ ਜੀਵਨ ਵਿੱਚ ਇਸ ਦੇ ਸਿੰਗਾ ਦਾ ਵਿਸ਼ੇਸ਼ ਮਹੱਤਵ ਹੈ। ਇਹ ਇਹਨਾਂ ਦੁਆਰਾ ਦੁਸ਼ਮਣਾ ਤੋਂ ਆਪਣੀ ਰੱਖਿਆ ਦੇ ਨਾਲ ਹੀ ਆਪਣੇ ਵਿਰੋਧੀਆਂ ਤੋਂ ਆਪਣੇ ਖੇਤਰ ਦੀ ਰੱਖਿਆ ਵੀ ਕਰਦਾ ਹੈ।

ਸਾਂਭਰ ਸੂਰਜ ਡੁੱਬਣ ਦੇ ਬਾਦ ਭੋਜਨ ਦੀ ਭਾਲ ਵਿੱਚ ਨਿਕਲਦਾ ਹੈ ਅਤੇ ਰਾਤਭਰ ਭਿੰਨ ਪ੍ਰਕਾਰ ਦੀਆਂ ਘਾਹ-ਫੂਸ, ਫਲ-ਫੁੱਲ, ਪੱਤੀਆਂ, ਰੁੱਖਾਂ ਦੀਆਂ ਕੋਪਲਾਂ ਅਤੇ ਕੋਮਲ ਟਹਿਣੀਆਂ ਆਦਿ ਖਾਦਾਂ ਹੈ। ਇਹ ਕਦੇ-ਕਦੇ ਦਿਨ ਦੇ ਸਮੇਂ ਵੀ ਇੱਧਰ-ਉਧਰ ਘੁੰਮਦੇ ਹੋਏ ਵੇਖਣ ਨੂੰ ਮਿਲ ਜਾਂਦੇ ਹਨ। ਸਾਂਭਰ ਖੇਤਾਂ ਦੇ ਨੇੜੇ ਰਹਿਣਾ ਪਸੰਦ ਕਰਦਾ ਹੈ ਅਤੇ ਅਕਸਰ ਰਾਤ ਦੇ ਸਮੇਂ ਖੇਤਾਂ ਵਿੱਚ ਵੜ ਕੇ ਫਸਲਾਂ ਨੂੰ ਕਾਫੀ ਨੁਕਸਾਨ ਪਹੁੰਚਾਉਂਦਾ ਹੈ। ਇਹ ਜ਼ਮੀਨ ਤੇ ਉਗੀ ਹੋਈ ਘਾਹ ਅਤੇ ਛੋਟੇ-ਛੋਟੇ ਪੌਦਿਆਂ ਆਦਿ ਨੂੰ ਬੜੇ ਆਰਾਮ ਨਾਲ ਚਰਦਾ ਹੈ ਅਤੇ ਨਾਲ ਹੀ ਆਪਣੇ ਦੋਵਾਂ ਪੈਰਾਂ ਤੇ ਖੜੇ ਹੋ ਕੇ ਉਚੇ-ਉਚੇ ਰੁੱਖਾਂ ਦੀਆਂ ਪੱਤੀਆਂ ਆਦਿ ਵੀ ਖਾਂਦਾ ਹੈ। ਸਾਂਭਰ ਪਹਾੜੀ ਜੰਗਲਾਂ, ਘਾਟੀਆ, ਝੀਲਾਂ ਆਦਿ ਦੇ ਨੇੜੇ ਰਹਿਣਾ ਪਸੰਦ ਕਰਦਾ ਹੈ ਅਤੇ ਪਾਣੀ ਦੇ ਨੇੜੇ ਹੀ ਆਪਣਾ ਨਿਵਾਸ ਬਣਾਉਂਦਾ ਹੈ।

ਸਾਂਭਰ ਇੱਕ ਨਿਡਰ ਹਿਰਨ ਹੈ, ਪ੍ਰੰਤੂ ਹਮੇਸ਼ਾਂ ਚੇਤੰਨ ਰਹਿੰਦਾ ਹੈ। ਇਹ ਬਘਿਆੜਾ ਅਤੇ ਜੰਗਲੀ ਬਿਲੀਆਂ ਤੇ ਤਾਂ ਧਿਆਨ ਨਹੀਂ ਦਿੰਦਾ, ਪ੍ਰੰਤੂ ਸ਼ੇਰ ਆਦਿ ਦੇ ਨੇੜੇ ਹੋਣ ਤੇ ਪੋਂਕ ਅਤੇ

ਧੇਂਕ' ਵਰਗੀਆਂ ਆਵਾਜ਼ਾਂ ਕੱਢਦਾ ਹੈ। ਇਹ ਖਤਰੇ ਦੇ ਨੇੜੇ ਹੋਣ ਦਾ ਸੰਕੇਤ ਹੈ। ਸਾਂਭਰ ਜੇ ਕਰ ਇਸ ਤਰ੍ਹਾਂ ਦੀਆਂ ਆਵਾਜ਼ਾਂ ਰੁਕ-ਰੁਕ ਕੇ ਤਿੰਨ ਵਾਰ ਕੱਢੇ ਤਾਂ ਇਹ ਨਿਸ਼ਚਿਤ ਹੋ ਜਾਂਦਾ ਹੈ ਕਿ ਕੋਲ ਹੀ ਕਿਤੇ ਸ਼ੇਰ ਹੈ। ਸ਼ਿਕਾਰ ਦੀ ਖੋਜ ਵਿੱਚ ਨਿਕਲੇ ਹਿੰਸਕ ਜੀਵ ਦਾ ਪਤਾ ਲਗਦੇ ਹੀ ਇਹ ਖੁਦ ਵੀ ਚੇਤੰਨ ਹੋ ਜਾਂਦਾ ਹੈ ਅਤੇ ਬਾਕੀ ਜੰਗਲੀ ਜੀਵਾਂ ਨੂੰ ਵੀ ਸਾਵਧਾਨ ਕਰ ਦਿੰਦਾ ਹੈ।

ਕੁਦਰਤ ਨੇ ਸਾਂਭਰ ਦੀ ਸੁਰੱਖਿਆ ਲਈ ਅਨੇਕ ਉਪਾਅ ਕੀਤੇ ਹਨ। ਇਹ ਇੱਕ ਵਿਸ਼ਾਲ ਅਤੇ ਭਾਰੀ-ਭਰਕਮ ਹਿਰਨ ਹੈ, ਫਿਰ ਵੀ ਇਸ ਦੇ ਪੈਰਾਂ ਦੀ ਰਚਨਾਂ ਇਸ ਪ੍ਰਕਾਰ ਹੁੰਦੀ ਹੈ ਕਿ ਇਸ ਦੇ ਚੱਲਣ ਨਾਲ ਕੋਈ ਆਵਾਜ਼ ਨਹੀਂ ਹੁੰਦੀ, ਜਿਸ ਨਾਲ ਇਹ ਹਿੰਸਕ ਜੀਵਾਂ ਤੋਂ ਬਚਿਆ ਰਹਿੰਦਾ ਹੈ। ਸਾਂਭਰ ਇਹ ਜਾਣਦਾ ਹੈ ਕਿ ਭੱਜਦੇ ਸਮੇਂ ਉਸ ਦੇ ਸਿੰਗ ਝਾੜੀਆਂ ਵਿੱਚ ਫਸ ਸਕਦੇ ਹਨ, ਇਸ ਲਈ ਉਹ ਅਜਿਹੀ ਦਿਸ਼ਾ ਵਿੱਚ ਭੱਜਦਾ ਹੈ ਜਿਥੇ ਸਿੰਗਾਂ ਦੇ ਝਾੜੀਆਂ ਵਿੱਚ ਫਸਣ ਦਾ ਸ਼ੱਕ ਨਾ ਹੋਵੇ। ਸਾਂਭਰ ਪਾਣੀ ਪੀਣ ਲਈ ਜਲ ਸਰੋਤਾਂ ਦੇ ਨੇੜੇ ਜਾਂਦੇ ਸਮੇਂ ਵੀ ਪੂਰੀ ਤਰ੍ਹਾਂ ਚੇਤੰਨ ਰਹਿੰਦਾ ਹੈ ਕਿਉਂਕਿ ਇਹਨਾਂ ਸਥਾਨਾਂ ਤੇ ਹਿੰਸਕ ਜੀਵਾਂ ਦੇ ਮਿਲਣ ਦਾ ਸਭ ਤੋਂ ਵੱਧ ਸ਼ੱਕ ਰਹਿੰਦਾ ਹੈ। ਸਾਂਭਰ ਦੇ ਸਰੀਰ ਦਾ ਰੰਗ ਵੀ ਇਸ ਦੀ ਸੁਰੱਖਿਆ ਵਿੱਚ ਕਾਫੀ ਯੋਗਦਾਨ ਦਿੰਦਾ ਹੈ।

ਸਾਂਭਰ ਦਾ ਪ੍ਰਮੁੱਖ ਦੁਸ਼ਮਣ ਹੈ- ਸ਼ੇਰ। ਇਹ ਸਾਂਭਰ ਦਾ ਸ਼ਿਕਾਰ ਹਮੇਸ਼ਾਂ ਜਲ-ਸਰੋਤਾਂ ਦੇ ਨੇੜੇ ਕਰਦਾ ਹੈ। ਸ਼ੇਰ ਸਾਂਭਰ ਦਾ ਸ਼ਿਕਾਰ ਕਰਨ ਲਈ ਸਾਂਭਰ ਦਾ ਰਾਹ ਪਤਾ ਕਰ ਲੈਂਦਾ ਹੈ ਅਤੇ ਰਾਹ ਵਿੱਚ ਕਿਸੇ ਖੱਡੇ ਵਿੱਚ ਲੁਕ ਕੇ ਬੈਠ ਜਾਂਦਾ ਹੈ ਅਤੇ ਸਾਂਭਰ ਦੇ ਪੰਜਾਹ ਮੀਟਰ ਜਾਂ ਇਸ ਤੋਂ ਵੀ ਜ਼ਿਆਦਾ ਨੇੜੇ ਆਉਣ ਤੇ ਉਸ ਤੇ ਹਮਲਾ ਕਰਕੇ ਉਸ ਨੂੰ ਆਪਣਾ ਭੋਜਨ ਬਣਾ ਲੈਂਦਾ ਹੈ। ਪ੍ਰਸਿੱਧ ਭਾਰਤੀ ਜੀਵ ਵਿਗਿਆਨਕ ਕੈਲਾਸ਼ ਸਾਂਖਲ ਦੇ ਅਨੁਸਾਰ - 'ਸ਼ੇਰਾਂ ਰਾਹੀਂ 80 ਪ੍ਰਤੀਸ਼ਤ ਤੋਂ ਜ਼ਿਆਦਾ ਸਾਂਭਰ ਜਲਸਰੋਤਾਂ ਦੇ ਨੇੜੇ ਹੀ ਮਾਰੇ ਜਾਂਦੇ ਹਨ। ਸ਼ੇਰ ਰਾਹੀਂ ਮਾਰੇ ਗਏ ਸਾਂਭਰਾਂ ਵਿੱਚ ਸਭ ਤੋਂ ਜ਼ਿਆਦਾ ਗਿਣਤੀ ਮਾਦਾਵਾਂ ਅਤੇ ਬੱਚਿਆਂ ਦੀ ਹੁੰਦੀ ਹੈ ਅਤੇ ਹਮੇਸ਼ਾਂ ਉਹ ਹੀ ਨਰ ਸਾਂਭਰ ਮਾਰੇ ਜਾਂਦੇ ਹਨ ਜਿਹਨਾਂ ਦੇ ਸਿੰਗ ਨਹੀਂ ਹੁੰਦੇ।

ਸਾਂਭਰ ਦੇ ਦੂਸਰੇ ਦੁਸ਼ਮਣ ਹਨ - ਜੰਗਲੀ ਕੁੱਤੇ। ਇਹ ਝੁੰਡ ਬਣਾ ਕੇ ਸਾਂਭਰ ਦਾ ਪਿਛਾ ਕਰਦੇ ਹਨ ਅਤੇ ਉਸ ਨੂੰ ਤੜਪਾ-ਤੜਪਾ ਕੇ ਮਾਰਦੇ ਹਨ। ਸਾਂਭਰ ਇਹਨਾਂ ਤੋਂ ਬਚਣ ਲਈ ਸਿੰਗਾ ਦਾ ਇਸਤੇਮਾਲ ਕਰਦਾ ਹੈ ਅਤੇ ਕਦੇ-ਕਦੇ ਪੈਰਾਂ ਨਾਲ ਵਾਰ ਕਰਦਾ ਹੈ। ਇਸ ਦੇ ਪੈਰਾਂ ਦੀ ਮਾਰ ਐਨੀ ਘਾਤਕ ਹੁੰਦੀ ਹੈ ਕਿ ਕਦੇ-ਕਦੇ ਜੰਗਲੀ ਕੁੱਤੇ ਮਰ ਵੀ ਜਾਂਦੇ ਹਨ, ਪ੍ਰੰਤੂ ਝੁੰਡ ਵਿੱਚ ਰਹਿਣ ਦੇ ਕਾਰਣ ਉਹ ਸਾਂਭਰ ਨੂੰ ਮਾਰਨ ਵਿੱਚ ਸਫਲ ਹੋ ਜਾਂਦੇ ਹਨ।

ਮਾਦਾ ਸਾਂਭਰ ਦਾ ਗਰਭਕਾਲ 5 ਤੋਂ 6 ਮਹੀਨੇ ਤਕ ਹੁੰਦਾ ਹੈ। ਮਾਦਾ ਇੱਕ ਬੱਚੇ ਨੂੰ ਜਨਮ ਦਿੰਦੀ ਹੈ। ਮੈਦਾਨੀ ਹਿੱਸਿਆਂ ਵਿੱਚ ਮਾਦਾ ਅਪ੍ਰੈਲ-ਮਈ ਵਿੱਚ ਬੱਚੇ ਨੂੰ ਜਨਮ ਦਿੰਦੀ ਹੈ ਅਤੇ ਹਿਮਾਲਯ ਦੇ ਪਰਬਤੀ ਖੇਤਰਾਂ ਵਿੱਚ ਜੁਲਾਈ-ਅਗਸਤ ਦੇ ਮਹੀਨਿਆਂ ਵਿੱਚ। ਮਾਦਾ ਸਾਂਭਰ ਹਮੇਸ਼ਾਂ ਘਣੀ ਝਾੜੀਆਂ ਦੇ ਵਿੱਚ ਬੱਚਿਆਂ ਨੂੰ ਜਨਮ ਦਿੰਦੀ ਹੈ ਅਤੇ ਹਿੰਸਕ ਪਸ਼ੂਆਂ ਤੋਂ ਬਚਾਉਣ ਲਈ ਉਹਨਾਂ ਨੂੰ ਲੁਕਾ ਕੇ ਰੱਖਦੀ ਹੈ। ਜਨਮ ਦੇ ਸਮੇਂ ਬੱਚੇ ਦੇ ਸਰੀਰ ਤੇ ਧੱਬੇ ਹੁੰਦੇ ਹਨ ਜੋ ਹੌਲੀ-ਹੌਲੀ ਖਤਮ ਹੋ ਜਾਂਦੇ ਹਨ। ਇਸ ਦਾ ਪਾਲਣ-ਪੋਸ਼ਣ ਮਾਦਾ ਹੀ ਕਰਦੀ ਹੈ ਅਤੇ ਬਾਲਗ ਹੋਣ ਤਕ ਉਸ ਨੂੰ ਆਪਣੇ ਨਾਲ ਰੱਖਦੀ ਹੈ। ਸਾਂਭਰ ਦਾ ਬੱਚਾ ਚਾਰ ਸਾਲ ਵਿੱਚ ਬਾਲਗ ਹੋ ਜਾਂਦਾ ਹੈ ਅਤੇ ਪ੍ਰਜਨਨ ਦੇ ਯੋਗ ਹੋ ਜਾਂਦਾ ਹੈ। ਇਸ ਦੇ ਸਿਰ ਤੇ ਨਿਕਲਣ ਵਾਲੇ ਸਿੰਗ ਇਸ ਦੇ ਬਾਲਗ ਹੋਣ ਦਾ ਪ੍ਰਮਾਣ ਹੁੰਦੇ ਹਨ। ਸਾਂਭਰ ਦਾ ਜੀਵਨਕਾਲ 12 ਸਾਲ ਤੋਂ 20 ਸਾਲ ਤਕ ਹੁੰਦਾ ਹੈ। ਇਸ ਨੂੰ ਸਰਲਤਾ ਨਾਲ ਪਾਲਤੂ ਬਣਾਇਆ ਜਾ ਸਕਦਾ ਹੈ ਅਤੇ ਚਿੜੀਆਘਰਾਂ ਵਿੱਚ ਰੱਖਿਆ ਜਾ ਸਕਦਾ ਹੈ। ■

# ਕਦੇ ਨਾ ਭੁੱਲੋ

❖ ਸੰਪੂਰਣ ਵਿਸ਼ਵ ਮੇਰੇ ਵਿੱਚ ਹੀ ਵਿਆਪਤ ਹੈ ਅਤੇ ਮੈਂ ਵਿਸ਼ਵ ਦੇ ਸਾਰੇ ਜੀਵਾਂ ਵਿੱਚ ਹੀ ਵਿਆਪਤ ਹਾਂ।

– ਭਗਵਾਨ ਸ਼੍ਰੀਕ੍ਰਿਸ਼ਣ

❖ ਭੈਅ ਅਤੇ ਵੈਰ ਤੋਂ ਮੁਕਤੀ ਪਾਉਣੀ ਹੋਵੇ ਤਾਂ 'ਅਹਿੰਸਾ' ਜਾਂ 'ਪ੍ਰੇਮ' ਦਾ ਮਾਰਗ ਅਪਨਾਉਣਾ ਪਏਗਾ। ਇਸ ਦੇ ਇਲਾਵਾ ਦੂਸਰਾ ਕੋਈ ਮਾਰਗ ਹੋ ਹੀ ਨਹੀਂ ਸਕਦਾ।

– ਭਗਵਾਨ ਮਹਾਵੀਰ

❖ ਫੁੱਲ ਖਿੜਣ ਦਿਉ, ਮਧੂਮੱਖੀਆਂ ਆਪਣੇ ਆਪ ਉਸ ਦੇ ਕੋਲ ਆ ਜਾਣਗੀਆਂ। ਚਰਿੱਤਰਵਾਨ ਬਣੋ ਜਗਤ ਆਪਣੇ ਆਪ ਮੋਹਿਤ ਹੋ ਜਾਏਗਾ।

– ਰਾਮਕ੍ਰਿਸ਼ਣ ਪਰਮਹੰਸ

❖ ਮਹਾਨਤਾ ਦੂਸਰਿਆਂ ਦੇ ਦੋਸ਼ਾਂ ਨੂੰ ਲੁਕਾਉਂਦੀ ਹੈ, ਤੁੱਛਤਾ ਦੂਸਰੇ ਦੇ ਦੋਸ਼ਾਂ ਨੂੰ ਕੱਢਦੀ ਹੈ।

❖ ਧਰਮ ਰਹਿਤ ਵਿਗਿਆਨ ਲੰਗੜਾ ਹੈ ਅਤੇ ਵਿਗਿਆਨ ਰਹਿਤ ਧਰਮ ਅੰਨ੍ਹਾ।

– ਆਈਂਨਸਟੀਨ

❖ ਜੋ ਆਤਮ-ਸੰਜਮੀ ਨਹੀਂ ਹੈ ਉਹ ਆਜ਼ਾਦ ਨਹੀਂ ਹੈ।

❖ ਸਾਡੇ ਮਨ ਦੇ ਵਿਚਾਰ ਕਰਮ ਦੇ ਮਾਰਗ-ਦਰਸ਼ਕ ਹੁੰਦੇ ਹਨ।

– ਪ੍ਰੇਮਚੰਦ

❖ ਕੋਈ ਵੀ ਚੰਗਾ ਕੰਮ ਜਾਂ ਆਦਰਸ਼ ਕਦੇ ਨਹੀਂ ਮਿਟਦਾ। ਉਹ ਮਾਨਵ ਜਾਤੀ ਵਿੱਚ ਸਦਾ ਜੀਵਿਤ ਰਹਿੰਦਾ ਹੈ।

❖ ਮਨੁੱਖ ਨੂੰ ਸਦਾ ਹੀ ਸੱਚਾਈ ਦਾ ਸਾਥ ਦੇਣਾ ਚਾਹੀਦਾ ਹੈ।

– ਰਵਿੰਦਰਨਾਥ ਟੈਗੋਰ

❖ ਮਹਾਨ ਕੰਮ ਕਰਨ ਲਈ ਪਹਿਲੀ ਜ਼ਰੂਰੀ ਚੀਜ਼ ਹੈ – ਆਤਮਵਿਸ਼ਵਾਸ।

– ਜਾਨਸਨ

❖ ਪ੍ਰਾਰਥਨਾ (ਪ੍ਰਭੂ-ਸਿਮਰਨ) ਆਤਮਾ ਦੀ ਪੁਕਾਰ ਹੈ, ਇਸ ਨੂੰ ਕਰੋ।

– ਮਹਾਤਮਾ ਗਾਂਧੀ

❖ ਸੰਸਾਰ ਹੀ ਮਹਾਂਪੁਰਸ਼ਾਂ ਨੂੰ ਲੱਭਦਾ ਹੈ ਨਾ ਕਿ ਮਹਾਂਪੁਰਸ਼ ਸੰਸਾਰ ਨੂੰ।

– ਕਾਲੀਦਾਸ

ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ

ਕਵਿਤਾ : ਰੰਜਨਾ ਅਰੋੜਾ

# ਪਿਆਰ ਦੇ ਦੋ ਬੋਲ


ਖੁਸ਼ੀਆਂ ਦੇ ਤੁਸੀਂ ਫੁੱਲ ਵੰਡ ਕੇ,
ਜਗ ਦੀ ਬਗੀਆ ਨੂੰ ਮਹਿਕਾਉ।
ਜਿਹਨਾਂ ਦੀਆਂ ਅੱਖਾਂ ਵਿੱਚ ਹੰਝੂ,
ਉਹਨਾਂ ਨੂੰ ਭਾਈ ਗਲੇ ਲਗਾਉ।

ਸੁੱਖ ਵੰਡੋ, ਦੁੱਖ ਵੰਡੋ ਸਭ ਦੇ,
ਵੰਡੋ ਪ੍ਰੇਮ ਅਤੇ ਪ੍ਰੀਤ ਨੂੰ।
ਸਭ ਦੇ ਮਨ ਤੁਸੀਂ ਜਿੱਤੋ ਭਾਈ,
ਗਾਉ ਪਿਆਰ ਦੇ ਗੀਤ ਨੂੰ।

ਸੂਰਜ, ਚੰਨ-ਸਿਤਾਰੇ ਬਣ ਕੇ,
ਲੋਭ ਨੂੰ ਸਦਾ ਮਿਟਾਈ ਰੱਖਣਾ।
ਦੁਨੀਆਂ ਦੇ ਵਿਹੜੇ ਵਿੱਚ ਤੁਸੀਂ,
ਖੁਸ਼ੀਆਂ ਦੇ ਦੀਪ ਜਗਾਈ ਰੱਖਣਾ।

ਭਲਾ ਕਰ ਜਿਸ ਜਿੱਤਿਆ ਜਗ ਨੂੰ,
ਉਹ ਮਹਾਨ ਕਹਾਉਂਦਾ ਹੈ।
ਬਣ ਕੇ ਸਭ ਦੀ ਅੱਖ ਦਾ ਤਾਰਾ,
ਆਦਰ ਸਭ ਤੋਂ ਪਾਉਂਦਾ ਹੈ।

ਰਾਮ ਬਣ ਕੇ ਤੁਸੀਂ,
ਮਨ ਦੇ ਰਾਵਣ ਨੂੰ ਮਿਟਾਉ।
ਖੁਸ਼ੀਆਂ ਦੇ ਤੁਸੀਂ ਫੁੱਲ ਵੰਡ ਕੇ,
ਜਗ ਦੀ ਬਗੀਆ ਨੂੰ ਮਹਿਕਾਉ।



ਚਿੱਤਰਕਥਾ

# ਗਲਤੀ ਦਾ ਅਹਿਸਾਸ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਆਯੁਸ਼ ਆਪਣੀ ਕਾਪੀ ਲੈ ਕੇ ਆਉ।
ਆਯੁਸ਼ ਤੇਰਾ ਹੋਮਵਰਕ ਕੰਪਲੀਟ ਕਿਉਂ ਨਹੀਂ ਹੈ।
ਮੈਮ, ਵੋ ਵੋ.....
ਆਯੁਸ਼ ਬੇਟਾ, ਤੇਰੀ ਪ੍ਰੀਖਿਆ ਵਿੱਚ ਸਿਰਫ ਇੱਕ ਹੀ ਹਫ਼ਤਾ ਬਚਿਆ ਹੈ, ਹੁਣ ਤੂੰ ਪੜਾਈ ਵਿੱਚ ਲਾਹਪ੍ਰਵਾਹੀ ਨਾ ਕਰ।
ਹਾਂ ਆਯੁਸ਼ ਤੇਰੇ ਪਿਤਾ ਜੀ ਬਿਲਕੁਲ ਸਹੀ ਕਹਿ ਰਹੇ ਹਨ।


ਆਯੁਸ਼ ਵੀਡੀਓ ਗੇਮ ਛੱਡੋ ਅਤੇ ਪੜਾਈ ਕਰੋ। ਕੱਲ ਤੈਨੂੰ ਪਾਪਾ ਨੇ ਸਮਝਾਇਆ ਸੀ ਨਾ।
ਬਸ ਮੰਮੀ ਪੰਜ ਮਿੰਟ ਹੋਰ ਖੇਡ ਲਵਾਂ।


ਇੰਝ ਹੀ ਕਈ ਦਿਨ ਲੰਘ ਗਏ। ਆਯੁਸ਼ ਪੜ੍ਹਾਈ ਨੂੰ ਟਾਲਦਾ ਰਿਹਾ। ਉਹ ਦਿਨਭਰ ਖੇਡਦਾ ਅਤੇ ਰਾਤ ਨੂੰ ਥਕ ਕੇ ਸੌਂ ਜਾਂਦਾ।


ਆਯੁਸ਼, ਚਲੋ ਪੜਾਈ ਕਰ ਲਓ। ਕੱਲ ਤੇਰੀ ਪ੍ਰੀਖਿਆ ਹੈ।
ਪਾਪਾ, ਮੈਂ ਰਾਤ ਨੂੰ ਪੜ੍ਹ ਲਵਾਂਗਾ।


ਅਰੇ ਅਰੇ..., ਬਿਜਲੀ ਤਾਂ ਚਲੀ ਗਈ। ਹੁਣ ਮੈਂ ਕਿਵੇਂ ਪੜ੍ਹਾਂਗਾ। ਕੱਲ ਮੇਰੀ ਪ੍ਰੀਖਿਆ ਹੈ ਤੇ ਮੈਂ ਕੁੱਝ ਵੀ ਨਹੀਂ ਪੜ੍ਹਿਆ।


ਅਸੀਂ ਕਹਿੰਦੇ ਸੀ ਨਾ ਪੜ੍ਹ ਲੈ ਪੜ੍ਹ ਲੈ। ਲੇਕਿਨ ਤੂੰ ਮੰਨਦਾ ਹੀ ਨਹੀਂ ਸੀ।
ਮੈਨੂੰ ਮਾਫ਼ ਕਰ ਦਿਉ ਪਾਪਾ। ਮੈਂ ਹੁਣ ਤੋਂ ਲਾਪਰਵਾਹੀ ਨਹੀਂ ਕਰਾਂਗਾ।


ਤੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, ਇਹ ਚੰਗੀ ਗੱਲ ਹੈ।
ਜੋ ਸਮੇਂ ਦਾ ਸਦਉਪਯੋਗ ਕਰਦੇ ਹਨ ਕੇਵਲ ਉਹ ਹੀ ਸਫਲ ਹੁੰਦੇ ਹਨ।

# ਬੁੱਧੀ ਦੀ ਪਰਖ

**ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!**








Video & Audio Webcasts on www.nirankari.org - Every month


SANT NIRANKARI MISSION


Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

| | | |
|---|---|---|
| Registered with the | : | Delhi Postal Regd. No. DL (N)/137/2021-2023 |
| Registrar of Newspaper | : | Licence No. U (DN)-60/2021-23 |
| For India Under RNI No. 32345/1977 | : | Licenced to post without Pre-payment |







# NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

- 011-42870440, 42870441, 47058133
- nirankari_jewels@hotmail.com
- www.nirankarijewels.com
- @nirankarijewelsdelhi
- Nirankari Jewels Pvt. Ltd.

Monday Closed

Customer Care : **9818883394**